2-JAN-PAGE-1.qxd 1/1/2024 9:54 PM Page 1

ਮੰਗਲਵਾਰ, 2 ਜਨਵਰੀ, 2023
18 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 213

ਨਵਾਂ ਜ਼ਮਾਨਾ

DAILY NAWAN ZAMANA • TUESDAY, 2 JANUARY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਪੰਜਾਬ ਸਣੇ 8 ਰਾਜਾਂ 'ਚ ਚੱਕਾ ਜਾਮ

ਨਵੀਂ ਦਿੱਲੀ : ਨਵੇਂ ਕਾਨੂੰਨ 'ਚ 'ਹਿੱਟ ਐਂਡ ਰਨ' ਦੇ ਮਾਮਲਿਆਂ 'ਚ ਸਖ਼ਤ ਸਜ਼ਾ ਦੀ ਵਿਵਸਥਾ ਵਿਰੁੱਧ ਆਪਣੇ ਪ੍ਰੋਟੈਸਟ ਨੂੰ ਤੇਜ਼ ਕਰਦੇ ਹੋਏ ਪੰਜਾਬ ਸਣੇ ਦੇਸ਼ ਦੇ 8 ਰਾਜਾਂ ਵਿੱਚ ਸੋਮਵਾਰ ਬੱਸ ਤੇ ਟਰੱਕ ਡਰਾਈਵਰਾਂ ਨੇ ਹੜਤਾਲ ਕੀਤੀ। ਪੰਜਾਬ, ਉੱਤਰਾਖੰਡ ਤੇ ਯੂ ਪੀ ਵਿਚ ਡਰਾਈਵਰਾਂ ਨੇ ਚੱਕਾ ਜਾਮ ਕਰ ਦਿੱਤਾ।

ਜੰਮੂ ਵਿਚ ਮੁਜ਼ਾਹਰਾ ਕਰਦੇ ਡਰਾਈਵਰ।

ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੀ ਟਰਾਂਸਪੋਰਟ ਕਮੇਟੀ ਦੇ ਚੇਅਰਮੈਨ ਸ਼ੀਲ ਮੁਕਾਤੀ ਨੇ ਕਿਹਾ—ਹਿੱਟ ਐਂਡ ਰਨ ਦੇ ਮਾਮਲਿਆਂ ਵਿੱਚ ਸਰਕਾਰ ਵੱਲੋਂ ਅਚਾਨਕ ਲਾਗੂ ਕੀਤੇ ਸਖ਼ਤ ਪ੍ਰਬੰਧਾਂ ਵਿਰੁੱਧ ਡਰਾਈਵਰਾਂ ਵਿੱਚ ਗੁੱਸਾ ਹੈ।ਸਰਕਾਰ ਨੂੰ ਹਿੱਟ ਐਂਡ ਰਨ ਮਾਮਲਿਆਂ ਵਿੱਚ ਵਿਦੇਸ਼ਾਂ ਦੀ ਤਰਜ਼ 'ਤੇ ਸਖ਼ਤ ਵਿਵਸਥਾਵਾਂ ਲਿਆਉਣ ਤੋਂ ਪਹਿਲਾਂ ਵਿਦੇਸ਼ਾਂ ਵਾਂਗ ਬਿਹਤਰ ਸੜਕ ਅਤੇ ਆਵਾਜਾਈ ਪ੍ਰਣਾਲੀ ਨੂੰ ਯਕੀਨੀ ਬਣਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਭਾਰਤੀ ਨਿਆਂ ਸੰਹਿਤਾ, ਜੋ ਭਾਰਤੀ ਦੰਡਾਵਲੀ ਦੀ ਥਾਂ ਲੈ ਰਹੀ ਹੈ, ਵਿਚ ਅਜਿਹੇ ਡਰਾਈਵਰਾਂ ਲਈ 10 ਸਾਲ ਤੱਕ ਦੀ ਸਜ਼ਾ ਤੇ 7 ਲੱਖ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਹੈ, ਜੋ ਲਾਪ੍ਰਵਾਹੀ ਨਾਲ ਗੱਡੀ ਚਲਾਉਣ ਕਾਰਨ ਵੱਡੇ ਹਾਦਸੇ ਦਾ ਕਾਰਨ ਬਣਦੇ ਹਨ ਤੇ ਹਾਦਸੇ ਬਾਰੇ ਪੁਲਸ ਜਾਂ ਪ੍ਰਸ਼ਾਸਨ ਦੇ ਕਿਸੇ ਅਧਿਕਾਰੀ ਨੂੰ ਸੂਚਿਤ ਕੀਤੇ ਬਿਨਾਂ ਫ਼ਰਾਰ ਹੋ ਜਾਂਦੇ ਹਨ। ਮੱਧ ਪ੍ਰਦੇਸ਼ ਦੇ ਭੋਪਾਲ, ਇੰਦੌਰ, ਗਵਾਲੀਅਰ ਤੇ ਜਬਲਪੁਰ ਵਰਗੇ ਵੱਡੇ ਸ਼ਹਿਰਾਂ ਵਿਚ ਬੱਸਾਂ ਨਹੀਂ ਚੱਲੀਆਂ। ਰਾਜਸਥਾਨ ਵਿਚ ਅੱਧਾ ਦਿਨ ਨਿੱਜੀ ਗੱਡੀਆਂ ਨਹੀਂ ਚੱਲੀਆਂ। ਛੱਤੀਸਗੜ੍ਹ ਦੇ ਬਿਲਾਸਪੁਰ ਵਿਚ ਡਰਾਈਵਰਾਂ ਨੇ ਸੜਕਾਂ 'ਤੇ ਟਾਇਰਾਂ ਨੂੰ ਅੱਗ ਲਾਈ। ਬਿਹਾਰ ਦੀ ਰਾਜਧਾਨੀ ਪਟਨਾ ਸਣੇ ਸੂਬੇ ਭਰ ਵਿਚ ਮੁਜ਼ਾਹਰੇ ਹੋਏ। ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੀ ਅਗਲੀ ਮੀਟਿੰਗ 10 ਜਨਵਰੀ ਨੂੰ ਹੋਵੇਗੀ। ਉਸ ਵਿਚ ਫੈਸਲਾ ਲਿਆ ਜਾਵੇਗਾ ਕਿ ਜੇ ਸਰਕਾਰ ਮੰਗਾਂ ਨਹੀਂ ਮੰਨਦੀ ਤਾਂ ਅਗਲਾ ਐਕਸ਼ਨ ਕੀ ਕੀਤਾ ਜਾਵੇਗਾ। ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤ ਮਦਾਨ ਨੇ ਕਿਹਾ ਕਿ ਹਿੱਟ ਐਂਡ ਰਨ ਦੇ ਮਾਮਲਿਆਂ ਵਿਚ ਸਖਤ ਕਦਮ ਚੁੱਕਣ ਦੀ ਲੋੜ ਤਾਂ ਹੈ, ਪਰ ਇਸ ਨਵੇਂ ਕਾਨੂੰਨ ਪਿੱਛੇ ਸਰਕਾਰ ਦਾ ਇਰਾਦਾ ਠੀਕ ਨਹੀਂ। ਇਸ ਵਿਚ ਕਈ ਖਾਮੀਆਂ ਹਨ, ਜਿਨ੍ਹਾਂ 'ਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਦੇਸ਼ ਡਰਾਈਵਰਾਂ ਦੀ ਕਮੀ ਨਾਲ ਜੂਝ ਰਿਹਾ ਹੈ। ਨਵੇਂ ਕਾਨੂੰਨ ਕਾਰਨ ਡਰਾਈਵਰ ਨੌਕਰੀ ਛੱਡਣ ਲਈ ਮਜਬੂਰ ਹੋ ਗਏ ਹਨ। ਭਾਰਤ ਵਿਚ 28 ਲੱਖ ਤੋਂ ਵੱਧ ਟਰੱਕ ਹਰ ਸਾਲ 100 ਅਰਬ ਕਿੱਲੋਮੀਟਰ ਤੋਂ ਵੱਧ ਸਫਰ ਤੈਅ ਕਰਦੇ ਹਨ। ਦੇਸ਼ ਵਿਚ 80 ਲੱਖ ਤੋਂ ਵੱਧ ਡਰਾਈਵਰ ਹਨ। ਹੜਤਾਲ ਕਾਰਨ ਜ਼ਰੂਰੀ ਚੀਜ਼ਾਂ ਦੀ ਕਿੱਲਤ ਹੋ ਸਕਦੀ ਹੈ।

ਫ਼ਲਸਤੀਨੀਆਂ 'ਤੇ ਠੋਸੀ ਜੰਗ ਖਿਲਾਫ਼ ਰੋਸ ਮੁਜ਼ਾਹਰੇ, ਤੁਰੰਤ ਜੰਗਬੰਦੀ ਦੀ ਮੰਗ

ਜਲੰਧਰ (ਗਿਆਨ ਸੈਦਪੁਰੀ)

ਨਵੇਂ ਵਰ੍ਹੇ ਦੇ ਪਹਿਲੇ ਦਿਨ ਸੋਮਵਾਰ ਪੰਜਾਬ ਦੀਆਂ ਸੱਤ ਖੱਬੀਆਂ ਇਨਕਲਾਬੀ ਪਾਰਟੀਆਂ ਅਤੇ ਜਥੇਬੰਦੀਆਂ ਅਧਾਰਤ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਇਜ਼ਰਾਇਲ ਦੁਆਰਾ ਅਮਰੀਕੀ ਸਾਮਰਾਜ ਦੇ ਇਸ਼ਾਰੇ ਉੱਪਰ ਫ਼ਲਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਵਹਿਸ਼ੀ ਕਤਲੋਗ਼ਾਰਤ ਖ਼ਿਲਾਫ਼ ਫਰੰਟ ਦੇ ਆਗੂ ਦਰਸ਼ਨ ਨਾਹਰ, ਹੰਸ ਰਾਜ ਪੱਬਵਾਂ ਅਤੇ ਰਸ਼ਪਾਲ ਕੈਲੇ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੀ ਪੀ ਆਈ ਦੇ ਸੂਬਾਈ ਸਕੱਤਰ ਬੰਤ ਬਰਾੜ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਅਜਮੇਰ ਸਿੰਘ, ਆਰ ਐੱਮ ਪੀ ਆਈ ਦੇ ਪ੍ਰਗਟ ਸਿੰਘ ਜਾਮਾਰਾਏ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਢਾਈ ਮਹੀਨਿਆਂ ਤੋਂ ਫ਼ਲਸਤੀਨ ਨੂੰ ਕਬਰਿਸਤਾਨ 'ਚ ਬਦਲਣ ਲਈ ਵੱਡੇ ਸਾਮਰਾਜੀ ਲੱਠਮਾਰ ਅਮਰੀਕਾ ਅਤੇ ਯੂਰਪੀਨ ਯੂਨੀਅਨ ਦੇ ਸੰਗੀਆਂ ਦੀ ਸ਼ਹਿ 'ਤੇ ਇਜ਼ਰਾਈਲ ਵੱਲੋਂ ਫ਼ਲਸਤੀਨੀ ਲੋਕਾਂ ਨੂੰ ਉਹਨਾਂ ਦੇ ਆਪਣੇ ਹੀ ਦੇਸ਼ 'ਚੋਂ ਕੱਢਣ ਲਈ ਠੋਸੀ ਇਸ ਨਿਹੱਕੀ ਜੰਗ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ। ਉਨ੍ਹਾ ਕਿਹਾ ਕਿ 1948 ਤੋਂ ਇੰਗਲੈਂਡ-ਅਮਰੀਕਾ ਦੀ ਸ਼ਹਿ 'ਤੇ ਫ਼ਲਸਤੀਨੀ ਲੋਕਾਂ ਦੀਆਂ ਜ਼ਮੀਨਾਂ, ਕਾਰੋਬਾਰਾਂ 'ਤੇ ਕਬਜ਼ਾ ਕਰਕੇ ਇਜ਼ਰਾਈਲ ਨੇ ਮੱਧ ਪੂਰਬ ਦੇ ਇਸ ਛੋਟੇ ਜਿਹੇ ਦੇਸ਼ ਨੂੰ ਖੁੱਲ੍ਹੀ ਜੇਲ੍ਹ 'ਚ ਬਦਲ ਕੇ ਫ਼ਲਸਤੀਨੀਆਂ ਨੂੰ ਪਲ-ਪਲ ਮਰਨ ਲਈ ਮਜਬੂਰ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਫ਼ਲਸਤੀਨ ਦੇ ਗਾਜ਼ਾ 'ਚ 75 ਪ੍ਰਤੀਸ਼ਤ ਲੋਕਾਂ ਦੀ ਤਬਾਹੀ, ਘਰਾਂ ਦੀ ਬਰਬਾਦੀ, ਰਾਸ਼ਨ ਦੀ ਭਾਰੀ ਕਿੱਲਤ, ਇਲਾਜ ਪੱਖੋਂ ਲੋਕ ਮਰ ਤੇ ਸਹਿਕ ਰਹੇ ਹਨ, ਵੀਹ ਹਜ਼ਾਰ ਤੋਂ ਉਪਰ ਲੋਕਾਂ ਸਮੇਤ ਅੱਠ ਹਜ਼ਾਰ ਮਾਸੂਮਾਂ ਦਾ ਕਤਲ ਸੰਸਾਰ ਦਾ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਦਿਲ ਕੰਬਾਊ ਦੁਖਾਂਤ ਹੈ। ਸੋਸ਼ਲ ਮੀਡੀਆ 'ਤੇ ਮਲਬੇ ਦੇ ਢੇਰਾਂ 'ਚੋਂ ਕੱਢੇ ਜਾ ਰਹੇ ਰੋਂਦੇ-ਵਿਲ੍ਹਕਦੇ ਬੱਚਿਆਂ ਦੀਆਂ ਲਾਸ਼ਾਂ ਤੇ ਚੀਕਾਂ, ਵਗਦੇ ਲਹੂ ਦੀਆਂ ਧਰਾਲਾਂ ਦੀਆਂ ਤਸਵੀਰਾਂ ਹਰ ਜ਼ਮੀਰ ਵਾਲੇ ਦਾ ਦਿਲ ਵਲੂੰਧਰਨ ਲਈ ਕਾਫ਼ੀ ਹਨ।

ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੇ ਆਗੂਆਂ ਨੇ ਕਿਹਾ ਕਿ ਖੁੱਲ੍ਹੀ ਜੇਲ੍ਹ 'ਚ ਪਲ-ਪਲ ਸਹਿਕ ਰਹੇ ਫ਼ਲਸਤੀਨੀ ਲੋਕਾਂ ਉਤੇ ਠੋਸੀ ਨਿਹੱਕੀ ਜੰਗ ਤੁਰੰਤ ਬੰਦ ਕੀਤੀ ਜਾਵੇ। ਯੂ ਐੱਨ ਓ ਅਤੇ ਸੰਸਾਰ ਭਰ ਦੇ ਜ਼ਬਰਦਸਤ ਵਿਰੋਧ ਨੂੰ ਪੈਰਾਂ ਹੇਠ ਰੋਲ ਰਹੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਵੇ। ਉਨ੍ਹਾਂ ਸਮੂਹ ਲੋਕਾਂ ਨੂੰ ਇਜ਼ਰਾਈਲੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਫਰੰਟ ਨੇ ਮੋਦੀ ਦੀ ਫਾਸ਼ੀ ਹਕੂਮਤ ਵੱਲੋਂ ਅਮਰੀਕਾ ਦੀ ਸ਼ਹਿ 'ਤੇ ਇਜ਼ਰਾਈਲ ਦੇ ਹੱਕ 'ਚ ਖੜਨ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਉਨ੍ਹਾਂ ਇਜ਼ਰਾਈਲ ਦੇ ਵਿਰੋਧ ਦੀ ਹਰ ਆਵਾਜ਼ ਨੂੰ ਕੁਚਲਣ ਲਈ ਪਰਚੇ ਦਰਜ ਕਰਨ, ਸੋਸ਼ਲ ਮੀਡੀਆ ਤੋਂ ਹਟਾਉਣ ਦੀ ਵੀ ਨਿੰਦਾ ਕੀਤੀ। ਉਨ੍ਹਾਂ ਸਭਨਾਂ ਜਮਹੂਰੀ ਇਨਸਾਫ਼-ਪਸੰਦ ਸ਼ਕਤੀਆਂ/ਜਥੇਬੰਦੀਆਂ, ਲੋਕਾਂ ਨੂੰ ਇਸ ਵਿਰੋਧ ਪ੍ਰਦਰਸ਼ਨ ਦਾ ਹਿੱਸਾ ਬਣਨ ਦੀ ਜ਼ੋਰਦਾਰ ਅਪੀਲ ਕੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਵੀਰ ਕੁਮਾਰ, ਸੰਦੀਪ ਅਰੋੜਾ ਤੇ ਸੰਦੀਪ ਦੋਲੀਕੇ ਵੀ ਹਾਜ਼ਰ ਸਨ। ਪੰਜਾਬ 'ਚ ਹੋਰਨੀਂ ਥਾਈਂ ਹੋਏ ਮੁਜ਼ਾਹਰਿਆਂ 'ਚ ਕਾਮਰੇਡ ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕੰਵਲਜੀਤ ਖੰਨਾ, ਨਰੈਣ ਦੱਤ, ਦਰਸ਼ਨ ਸਿੰਘ ਖਟਕੜ, ਗੁਰਮੀਤ ਸਿੰਘ ਬਖਤਪੁਰ, ਰਾਜਵਿੰਦਰ ਸਿੰਘ ਰਾਣਾ, ਲਖਵਿੰਦਰ ਸਿੰਘ, ਸ੍ਰਿਸ਼ਟੀ, ਕਿਰਨਜੀਤ ਸੇਖੋਂ, ਮੰਗਤ ਰਾਮ ਲੌਂਗੋਵਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਗੜ੍ਹਸ਼ੰਕਰ : ਫਾਸ਼ੀ ਹਮਲੇ ਵਿਰੋਧੀ ਫਰੰਟ ਪੰਜਾਬ ਦੀ ਇਕਾਈ ਗੜ੍ਹਸ਼ੰਕਰ, ਜਿਸ ਵਿੱਚ ਮੁੱਖ ਤੌਰ 'ਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ, ਆਰ ਐੱਮ ਪੀ ਆਈ ਤੇ ਸੀ ਪੀ ਆਈ ਦੇ ਵਰਕਰ ਸ਼ਾਮਲ ਸਨ, ਨੇ ਪ੍ਰਿੰਸੀਪਲ ਪਿਆਰਾ ਸਿੰਘ, ਹਰਮੇਸ਼ ਢੇਸੀ ਤੇ ਰਾਮਜੀ ਦਾਸ ● ਬਾਕੀ ਸਫ਼ਾ 2 'ਤੇ

ਬਲੈਕ ਹੋਲ ਦੇ ਭੇਤ ਦਾ ਪਤਾ ਲਾਉਣ ਲਈ ਉਪ ਗ੍ਰਹਿ ਰਵਾਨਾ



ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼) : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਸੋਮਵਾਰ ਐੱਕਸ-ਰੇਅ ਪੋਲਰਿਮੀਟਰ ਉਪ ਗ੍ਰਹਿ ਲਾਂਚ ਕੀਤਾ, ਜੋ ਬਲੈਕ ਹੋਲ ਵਰਗੇ ਆਕਾਸ਼ੀ ਪਿੰਡਾਂ ਦੇ ਭੇਤਾਂ ਦਾ ਅਧਿਐਨ ਕਰੇਗਾ। ਇਸਰੋ ਦੇ ਸਭ ਤੋਂ ਭਰੋਸੇਮੰਦ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ ਐੱਸ ਐੱਲ ਵੀ) ਨੇ ਆਪਣੇ ਸੀ 58 ਮਿਸ਼ਨ ਵਿੱਚ ਮੇਨ ਐੱਕਸ-ਰੇਅ ਪੋਲਰਿਮੀਟਰ ਸੈਟੇਲਾਈਟ (ਐਕਸਪੋਸੈਟ) ਨੂੰ ਧਰਤੀ ਤੋਂ 650 ਕਿਲੋਮੀਟਰ ਪੰਧ 'ਤੇ ਸਥਾਪਤ ਕਰ ਦਿੱਤਾ ਹੈ।

ਮੁੱਖ ਮੰਤਰੀ ਦੇ ਸਪੈਸ਼ਲ ਚੀਫ ਸੈਕਟਰੀ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ : ਸੀਨੀਅਰ ਆਈ ਏ ਐੱਸ ਅਧਿਕਾਰੀ ਵਿਜੈ ਕੁਮਾਰ ਸਿੰਘ ਨੇ ਸੋਮਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਪੈਸ਼ਲ ਚੀਫ ਸੈਕਟਰੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ-ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਨੂੰ ਅੱਗੇ ਵਧਾਉਣਾ ਉਨ੍ਹਾ ਦੀ ਮੁੱਖ ਤਰਜੀਹ ਹੋਵੇਗੀ। ਸਾਫ਼-ਸੁਥਰਾ, ਕੁਸ਼ਲ, ਪ੍ਰਭਾਵੀ, ਜਵਾਬਦੇਹ ਅਤੇ ਪਾਰਦਰਸ਼ੀ ਪ੍ਰਸ਼ਾਸਨ 'ਤੇ ਜ਼ੋਰ ਦਿੱਤਾ ਜਾਵੇਗਾ।

ਇਕ ਰੋਜ਼ਾ ਕ੍ਰਿਕਟ ਤੋਂ ਸੰਨਿਆਸ

ਸਿਡਨੀ : ਨਾਮੀ ਬੱਲੇਬਾਜ਼ ਡੇਵਿਡ ਵਾਰਨਰ ਨੇ ਸੋਮਵਾਰ ਆਪਣਾ ਆਖਰੀ ਟੈਸਟ ਮੈਚ ਖੇਡਣ ਤੋਂ ਪਹਿਲਾਂ ਇਕ ਰੋਜ਼ਾ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ, ਪਰ ਉਹ ਆਸਟਰੇਲੀਆ ਲਈ ਟੀ-20 ਕ੍ਰਿਕਟ ਖੇਡਣਾ ਜਾਰੀ ਰੱਖੇਗਾ।37 ਸਾਲਾ ਸਲਾਮੀ ਬੱਲੇਬਾਜ਼ ਨੇ ਹਾਲਾਂਕਿ ਸਪੱਸ਼ਟ ਕੀਤਾ ਹੈ ਕਿ ਜੇ ਆਸਟਰੇਲੀਆਈ ਟੀਮ ਨੂੰ 2025 'ਚ ਹੋਣ ਵਾਲੀ ਚੈਂਪੀਅਨਜ਼ ਟਰਾਫੀ ਲਈ ਉਸ ਦੀ ਲੋੜ ਪਈ ਤਾਂ ਉਹ ਚੋਣ ਲਈ ਹਾਜ਼ਰ ਹੋਵੇਗਾ।

ਅਮਰੀਕਾ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਖੁੱਲ੍ਹ

ਸਿਓਲ : ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਆਪਣੀ ਫੌਜ ਨੂੰ ਹੁਕਮ ਦਿੱਤਾ ਹੈ ਕਿ ਜੇ ਅਮਰੀਕਾ ਅਤੇ ਦੱਖਣੀ ਕੋਰੀਆ ਉਸ ਵਿਰੁੱਧ ਭੜਕਾਹਟ ਪੈਦਾ ਕਰਦੇ ਹਨ ਤਾਂ ਉਹ ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾ ਦੇਵੇ। ਉੱਤਰੀ ਕੋਰੀਆ ਇਸ ਸਾਲ ਨਵੰਬਰ ਵਿੱਚ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਹਥਿਆਰਾਂ ਦੇ ਤਜਰਬਿਆਂ ਵਿੱਚ ਹੋਰ ਤੇਜ਼ੀ ਲਿਆ ਸਕਦਾ ਹੈ। ਪਿਛਲੇ ਹਫਤੇ ਸੱਤਾਧਾਰੀ ਪਾਰਟੀ ਦੀ ਪੰਜ ਦਿਨਾਂ ਮੀਟਿੰਗ ਵਿੱਚ ਕਿਮ ਨੇ ਕਿਹਾ ਕਿ ਉਹ ਇਸ ਸਾਲ ਤਿੰਨ ਹੋਰ ਫੌਜੀ ਜਾਸੂਸੀ ਉਪ ਗ੍ਰਹਿ ਲਾਂਚ ਕਰਨਗੇ, ਹੋਰ ਪਰਮਾਣੂ ਹਥਿਆਰਾਂ ਦਾ ਉਤਪਾਦਨ ਕਰਨਗੇ ਅਤੇ ਹਮਲਾਵਰ ਡਰੋਨ ਵਿਕਸਤ ਕਰਨਗੇ।

ਧੁੰਦ ਦੋ ਦਿਨ ਹੋਰ

ਸ੍ਰੀਨਗਰ : ਕਸ਼ਮੀਰ 'ਚ ਨਵੇਂ ਸਾਲ ਦੀ ਸ਼ੁਰੂਆਤ ਦੇ ਨਾਲ ਹੀ ਸੀਤ ਲਹਿਰ ਤੇਜ਼ ਹੋ ਗਈ ਹੈ ਅਤੇ ਕਈ ਥਾਵਾਂ 'ਤੇ ਘੱਟੋ-ਘੱਟ ਤਾਪਮਾਨ 2 ਤੋਂ 3 ਡਿਗਰੀ ਸੈਲਸੀਅਸ ਤੱਕ ਹੇਠਾਂ ਚਲਾ ਗਿਆ ਹੈ। ਸ੍ਰੀਨਗਰ ਵਿੱਚ ਮਨਫ਼ੀ 5.2 ਤੇ ਪਹਿਲਗਾਮ ਵਿੱਚ ਮਨਫ਼ੀ 5.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।ਪੰਜਾਬ 'ਚ ਗੁਰਦਾਸਪੁਰ ਵਿੱਚ ਘੱਟੋ-ਘੱਟ ਤਾਪਮਾਨ ਛੇ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਫਰੀਦਕੋਟ 'ਚ 8, ਲੁਧਿਆਣਾ 'ਚ 8.2 ਅਤੇ ਅੰਮ੍ਰਿਤਸਰ 'ਚ 9.2 ਤੇ ਚੰਡੀਗੜ੍ਹ 'ਚ ਵੀ 9.2 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਕਿਹਾ ਹੈ ਕਿ ਪੰਜਾਬ, ਹਰਿਆਣਾ, ਯੂ ਪੀ ਤੇ ਉੱਤਰੀ ਰਾਜਸਥਾਨ ਵਿਚ ਦੋ ਦਿਨ ਹੋਰ ਸੰਘਣੀ ਧੁੰਦ ਪਵੇਗੀ।

ਮਜੀਠੀਆ ਕੇਸ ਦੀ ਜਾਂਚ ਦੀ ਅਗਵਾਈ ਭੁੱਲਰ ਕਰਨਗੇ

ਚੰਡੀਗੜ੍ਹ : ਪਟਿਆਲਾ ਦੇ ਡੀ ਆਈ ਜੀ ਐੱਚ ਐੱਸ ਭੁੱਲਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਦੇ ਮਾਮਲੇ ਦੀ ਜਾਂਚ ਕਰ ਰਹੀ ਐੱਸ ਆਈ ਟੀ ਦੀ ਅਗਵਾਈ ਕਰਨਗੇ। ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਐੱਲ ਕੇ ਯਾਦਵ ਨੇ ਇਹ ਹੁਕਮ ਜਾਰੀ ਕੀਤੇ ਹਨ। ਭੁੱਲਰ ਨੇ ਏ ਡੀ ਜੀ ਪੀ ਐੱਮ ਐੱਸ ਛੀਨਾ ਦੀ ਥਾਂ ਲਈ ਹੈ, ਜੋ 31 ਦਸੰਬਰ ਨੂੰ ਸੇਵਾਮੁਕਤ ਹੋਏ ਸਨ।

ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟ ਖ਼ਰੀਦ ਕੇ ਇਤਿਹਾਸ ਸਿਰਜਿਆ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਸੂਬਾ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫ਼ਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਆਖਿਆ ਕਿ ਪੰਜਾਬ ਨੇ 1080 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਾਈਵੇਟ ਕੰਪਨੀ ਜੀ ਵੀ ਕੇ ਪਾਵਰ ਦੀ ਮਾਲਕੀ ਵਾਲਾ ਗੋਇੰਦਵਾਲ ਪਾ

2-JAN-PAGE-1.qxd 1/1/2024 9:55 PM Page 2

ਨਵੇਂ ਸਾਲ 2024 ਦੀ ਆਮਦ ਮੌਕੇ ਵਿਸ਼ੇਸ਼ ਸਪਲੀਮੈਂਟ


ਮੈਨੂੰ ਇਹ ਜਾਣ ਕੇ ਅਤਿ ਖੁਸ਼ੀ ਹੈ ਕਿ ਪੰਜਾਬ ਦੇ ਹਰਮਨ ਪਿਆਰ ਅਖ਼ਬਾਰ ਨਵਾਂ ਜ਼ਮਾਨਾ ਦੇ ਪੱਤਰਕਾਰ ਅਸ਼ੀਸ਼ ਅਵਸਥੀ ਵੱਲੋਂ ਨਵੇਂ ਸਾਲ 2024 ਦੀ ਆਮਦ 'ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੈਂ ਨਵੇਂ ਸਾਲ ਦੀ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਇਸ ਸਾਲ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।
ਜਤਿੰਦਰ ਸਿੰਘ ਨੰਬਰਦਾਰ
ਪ੍ਰਧਾਨ ਕੋਅਪਰੇਟਿਵ ਸੁਸਾਇਟੀ
ਪਿੰਡ ਬਹਾਦਰਪੁਰ

ਮੈਨੂੰ ਇਹਜਾਣ ਕੇ ਅਤਿ ਖੁਸ਼ੀ ਹੈ ਕਿ ਪੰਜਾਬ ਦੇ ਹਰਮਨ ਪਿਆਰ ਅਖ਼ਬਾਰ ਨਵਾਂ ਜ਼ਮਾਨਾ ਦੇ ਪੱਤਰਕਾਰ ਅਸ਼ੀਸ਼ ਅਵਸਥੀ ਵੱਲੋਂ ਨਵੇਂ ਸਾਲ 2024 ਦੀ ਆਮਦ 'ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੈਂ ਨਵੇਂ ਸਾਲ ਦੀ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਇਸ ਸਾਲ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।
ਗੁਰਪ੍ਰੀਤ ਸਿੰਘ
ਅਧਿਕਾਰਕ ਸਰਪੰਚ
ਪਿੰਡ ਬਟੜਿਆਣਾ

ਮੈਨੂੰ ਇਹਜਾਣ ਕੇ ਅਤਿ ਖੁਸ਼ੀ ਹੈ ਕਿ ਪੰਜਾਬ ਦੇ ਹਰਮਨ ਪਿਆਰ ਅਖ਼ਬਾਰ ਨਵਾਂ ਜ਼ਮਾਨਾ ਦੇ ਪੱਤਰਕਾਰ ਅਸ਼ੀਸ਼ ਅਵਸਥੀ ਵੱਲੋਂ ਨਵੇਂ ਸਾਲ 2024 ਦੀ ਆਮਦ 'ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਮੌਕੇ ਮੈਂ ਨਵੇਂ ਸਾਲ ਦੀ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਇਸ ਸਾਲ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।
ਪ੍ਰੀਤਇੰਦਰ ਗਰੇਵਾਲ
ਪਿੰਡ ਨਾਨਕਪੁਰਾ

ਬ੍ਰਦਰ ਸੀਡ ਫਾਰਮ
ਇੱਥੇ ਮਿਰਚ, ਵੈਂਗਣ, ਟਮਾਟਰ ਆਦਿ ਦੇ ਹਾਈਬ੍ਰਿਡ ਬੀਜ ਤੇ ਪਨੀਰੀਆਂ ਮਿਲਦੀਆਂ ਹਨ ਤੇ ਹਾਡੀ ਤੇ ਸਾਉਣੀ ਦੀਆਂ ਫਸਲਾਂ ਦੇ ਸਾਰੇ ਬੀਜ ਮਿਲਦੇ ਹਨ।
ਪਿੰਡ ਬਿਰੜਵਾਲ, ਨੇੜੇ ਮੋਬਾਇਲ ਟਾਵਰ, ਤਹਿ. ਨਾਭਾ ਜ਼ਿਲ੍ਹਾ ਪਟਿਆਲਾ
ਸੇਵਾ ਸਿੰਘ, ਬਿਰੜਵਾਲ
ਮੋਬਾ. 97795-91447

ਧੰਨਵਾਦ
ਮੈਂ ਧੰਨਵਾਦੀ ਹਾਂ ਸਮੂਹ ਸੱਜਣਾਂ-ਮਿੱਤਰਾਂ ਤੇ ਸੁਨੇਹੀਆਂ ਦਾ ਜਿਨ੍ਹਾਂ ਨੇ ਮੈਨੂੰ 'ਪੰਚਾਇਤੀ ਚੋਣ ਸੋਧ ਸਰਵੇ' ਵਿੱਚ ਸਹਿਯੋਗ ਦੇਣ ਲਈ ਅਤੇ ਨਵੇਂ ਵਰ੍ਹੇ ਦੀ ਆਮਦ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਨ ਵਿੱਚ ਸਹਿਯੋਗ ਦੇਣ ਵਾਲੀਆਂ ਸਖ਼ਸੀਅਤਾਂ ਦਾ ਧੰਨਵਾਦ ਕਰਦਾ ਹਾਂ।

ਅਸ਼ੀਸ਼ ਅਵਸਥੀ
ਪੱਤਰਕਾਰ (9988006275)

...ਸਫ਼ਾ 1 ਦੇ ਬਾਕੀ

ਪੰਜਾਬ ਸਰਕਾਰ ਨੇ ਪ੍ਰਾਈਵੇਟ ...

ਪਰ ਅੱਜ ਲੋਕ-ਪੱਖੀ ਸਰਕਾਰ ਨੇ ਸੂਬੇ ਵਿੱਚ ਬਿਜਲੀ ਸਪਲਾਈ ਵਧਾਉਣ ਲਈ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਖ਼ਰੀਦ ਸਮਝੌਤੇ ਨਾਲ ਬਿਜਲੀ ਦੀ ਦਰ ਵਿੱਚ ਪ੍ਰਤੀ ਯੂਨਿਟ ਇਕ ਰੁਪਏ ਦੀ ਕਟੌਤੀ ਕਰਨ ਵਿੱਚ ਮਦਦ ਮਿਲੇਗੀ, ਜਿਸ ਨਾਲ ਬਿਜਲੀ ਖ਼ਰੀਦ ਉਤੇ 300 ਤੋਂ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। 540 ਮੈਗਾਵਾਟ ਦੀ ਸਮਰੱਥਾ ਵਾਲਾ ਗੋਇੰਦਵਾਲ ਪਲਾਂਟ ਦੇ ਪ੍ਰਾਜੈਕਟ ਦਾ ਵਿਚਾਰ ਸਾਲ 1992 ਵਿੱਚ ਕੀਤਾ ਗਿਆ ਸੀ। ਉਨ੍ਹਾ ਕਿਹਾ ਕਿ ਸ਼ੁਰੂਆਤੀ ਤੌਰ ਉਤੇ 500 ਮੈਗਾਵਾਟ ਦੀ ਸਮਰੱਥਾ ਵਾਲੇ ਪਲਾਂਟ ਦਾ ਸਮਝੌਤਾ ਸਾਲ 2000 ਵਿੱਚ ਹੋਇਆ ਸੀ, ਜਿਸ ਤੋਂ ਬਾਅਦ 540 ਮੈਗਾਵਾਟ ਦੀ ਸਮਰੱਥਾ ਵਾਲੇ ਪਲਾਂਟ ਲਈ ਐੱਮ ਓ ਯੂ ਸਾਲ 2006 ਵਿੱਚ ਹੋਇਆ ਸੀ ਅਤੇ ਇਸ ਉਪਰੰਤ ਸਾਲ 2009 ਵਿੱਚ 540 ਮੈਗਾਵਾਟ ਲਈ ਸੋਧਿਆ ਹੋਇਆ ਬਿਜਲੀ ਖਰੀਦ ਸਮਝੌਤਾ ਹੋਇਆ ਸੀ। ਇਹ ਪ੍ਰਾਜੈਕਟ ਸਾਲ 2016 ਵਿੱਚ ਅਮਲ ਵਿੱਚ ਆਇਆ ਸੀ, ਪਰ ਹੁਣ ਪੀ ਐੱਸ ਪੀ ਸੀ ਐੱਲ ਨੇ 11 ਹੋਰ ਕੰਪਨੀਆਂ ਦੇ ਮੁਕਾਬਲੇ ਵਿੱਚ ਇਸ ਨੂੰ ਖਰੀਦ ਲਿਆ ਸੀ। ਇਨ੍ਹਾਂ 11 ਕੰਪਨੀਆਂ ਵਿੱਚ ਜਿੰਦਲ ਪਾਵਰ, ਅਦਾਨੀ ਪਾਵਰ, ਵੇਦਾਂਤਾ ਗਰੁੱਪ, ਰਸ਼ਮੀ ਮੇਟਾਲਿਕਸ, ਸ਼ੇਰੀਸ਼ਾ ਟੈਕਨਾਲੋਜਿਜ਼, ਸਾਈ ਵਰਧਾ ਪਾਵਰ, ਮੇਗਾ ਇੰਜਨੀਅਰਿੰਗ ਐਂਡ ਇਨਫ੍ਰਾਸਟਰਕਚਰ, ਇੰਡੀਆ ਕੋਕ ਐਂਡ ਪਾਵਰ ਪ੍ਰਾਈਵੇਟ ਲਿਮਟਿਡ, ਆਰ ਕੇ ਜੀ ਫੰਡ (ਆਰ ਕੇ ਜੀ ਟਰੱਸਟ), ਕੇ ਐੱਲ ਯੂ ਰਿਸੋਰਸ ਅਤੇ ਕੈਪਰੀ ਗਲੋਬਲ ਹੋਲਡਿੰਗ ਐਂਡ ਪ੍ਰਾਈਵੇਟ ਲਿਮਟਡ ਨੇ ਫਰਵਰੀ 2023 ਨੂੰ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ, ਜਿਸ ਤੋਂ ਬਾਅਦ ਆਖਰ ਵਿੱਚ ਪੀ ਐੱਸ ਪੀ ਸੀ ਐੱਲ ਨੇ ਇਸ ਨੂੰ ਖਰੀਦ ਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2016-2023 ਦਰਮਿਆਨ ਸੂਬਾ ਸਰਕਾਰ ਨੇ ਇਸ ਪਲਾਂਟ ਤੋਂ 7902 ਕਰੋੜ ਰੁਪਏ ਅਦਾ ਕਰਕੇ 11165 ਮਿਲੀਅਨ ਯੂਨਿਟ ਬਿਜਲੀ ਖਰੀਦੀ ਸੀ। ਉਨ੍ਹਾ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਬਿਨਾਂ ਬਿਜਲੀ ਖਰੀਦੇ ਜੀ ਵੀ ਕੇ ਥਰਮਲ ਪਲਾਂਟ ਨੂੰ 1718 ਕਰੋੜ ਅਦਾ ਕਰਨੇ ਪਏ। ਪਾਵਰ ਪਲਾਂਟ ਨੂੰ 7.08 ਰੁਪਏ ਪ੍ਰਤੀ ਔਸਤਨ ਯੂਨਿਟ ਮੁਤਾਬਕ ਅਦਾਇਗੀ ਕੀਤੀ ਗਈ। ਮਾਨ ਨੇ ਕਿਹਾ ਕਿ ਪਛਵਾੜਾ ਕੋਲ ਖਾਣ ਤੋਂ ਕੋਲੇ ਦੀ ਸਪਲਾਈ ਸ਼ੁਰੂ ਹੋਣ ਨਾਲ ਬਿਜਲੀ ਦੀ ਕੀਮਤ ਪ੍ਰਤੀ ਯੂਨਿਟ 4.50 ਰੁਪਏ ਪ੍ਰਤੀ ਯੂਨਿਟ ਹੋਵੇਗੀ, ਜਿਸ ਨਾਲ ਸਾਲਾਨਾ 300-350 ਕਰੋੜ ਰੁਪਏ ਦੀ ਬੱਚਤ ਹੋਵੇਗੀ ਅਤੇ ਇਹ ਪੈਸਾ ਲੋਕਾਂ ਦੀ ਭਲਾਈ ਉਤੇ ਖਰਚਿਆ ਜਾਵੇਗਾ।

ਫਲਸਤੀਨੀਆਂ 'ਤੇ ਠੋਸੀ...

ਚੌਹਾਨ ਦੀ ਅਗਵਾਈ ਵਿਚ ਸਾਮਰਾਜੀ ਦੇਸ਼ਾਂ ਦੀ ਸ਼ਹਿ 'ਤੇ ਇਜ਼ਰਾਈਲ ਵੱਲੋਂ ਜੰਗ ਦੀ ਆੜ ਵਿੱਚ ਫਲਸਤੀਨੀ ਲੋਕਾਂ ਦੇ ਕੀਤੇ ਜਾ ਰਹੇ ਕਤਲੇਆਮ ਅਤੇ ਅੱਤਿਆਚਾਰ ਵਿਰੁੱਧ ਸਖ਼ਤ ਰੋਹ ਦਾ ਪ੍ਰਗਟਾਵਾ ਕਰਦਿਆਂ ਗਾਂਧੀ ਪਾਰਕ ਵਿਖੇ ਰੋਸ ਰੈਲੀ ਕੀਤੀ ਅਤੇ ਸ਼ਹਿਰ ਵਿਚ ਮਾਰਚ ਕੀਤਾ ਤੇ ਫੌਰੀ ਜੰਗਬੰਦੀ ਅਤੇ ਫਲਸਤੀਨੀ ਲੋਕਾਂ ਦੀ ਅਜ਼ਾਦੀ ਦੀ ਮੰਗ ਕੀਤੀ। ਫਰੰਟ ਦੇ ਸੂਬਾਈ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਨੇ ਫਲਸਤੀਨੀ ਲੋਕਾਂ ਦੇ ਅਜ਼ਾਦੀ ਸੰਘਰਸ਼ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਫਲਸਤੀਨੀ ਲੋਕਾਂ ਦੀ ਅਜ਼ਾਦੀ ਦੇ ਹੱਕੀ ਸੰਘਰਸ਼ ਨੂੰ ਤਾਕਤ ਅਤੇ ਹਥਿਆਰਾਂ ਦੇ ਜ਼ੋਰ 'ਤੇ ਦਬਾਇਆ ਨਹੀਂ ਜਾ ਸਕਦਾ। ਇਜ਼ਰ

2-JAN-PAGE-3.qxd 1/1/2024 10:51 PM Page 1

ਪੁਲਸ ਵੱਲੋਂ ਗੋਲੀ ਚਲਾਉਣ ਦੇ ਰੋਸ ਵਜੋਂ ਲੱਗਾ ਧਰਨਾ 30ਵੇਂ ਦਿਨ 'ਚ ਦਾਖਲ

ਸੁਲਤਾਨਪੁਰ ਲੋਧੀ (ਹਨੀ) -ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਜੁੱਤੀਆਂ ਸਮੇਤ ਪੁਲਸ ਵੱਲੋਂ ਦਾਖਲ ਹੋ ਕੇ ਬੇਅਦਬੀ ਕਰਨ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਂਝੇ ਤੌਰ 'ਤੇ ਆਰੰਭਿਆ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹੈ। ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਦੇ ਬਾਹਰ ਅਰੰਭੇ ਗਏ ਇਸ ਰੋਸ ਪ੍ਰਦਰਸ਼ਨ ਦੇ 30ਵੇਂ ਦਿਨ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਇੰਜੀਨੀਅਰ ਸਵਰਨ ਸਿੰਘ ਮੈਂਬਰ ਪੀਏਸੀ ਅਕਾਲੀ ਦਲ ਹਲਕੇ ਦੀਆਂ ਸੰਗਤਾਂ ਨਾਲ ਹਾਜ਼ਰ ਹੋਏ। ਧਰਨੇ ਦੌਰਾਨ ਬੁਲਾਰਿਆ ਨੇ ਮਾਨ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪਾਵਨ ਗੁਰਧਾਮ ਦੀ ਬੇਅਦਬੀ ਕਰਵਾ ਕੇ ਸਰਕਾਰ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਮੁੱਖ ਮੰਤਰੀ ਨੇ ਪੁਲਸ ਨੂੰ ਹੁਕਮ ਜਾਰੀ ਕਰਕੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਬੇਅਦਬੀ ਦੀ ਪੀੜਾਮਈ ਹਰਕਤ ਕੀਤੀ ਹੈ ਜਿਸ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਤੋੜ ਕੇ ਰੱਖ ਦਿੱਤਾ ਹੈ।ਇਸ ਮੌਕੇ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜ: ਸਵਰਨ ਸਿੰਘ ਮੈਂਬਰ ਪੀਏਸੀ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਐਸਜੀਪੀਸੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਐੱਸ ਜੀ ਪੀ ਸੀ ਦੇ ਸਾਬਕਾ ਸਕੱਤਰ ਮਹਿੰਦਰ ਸਿੰਘ ਆਹਲੀ, ਮਾਰਕੀਟ ਕਮੇਟੀ ਦੇ ਸਾਬਕਾ ਉਪ ਚੇਅਰਮੈਨ ਗੁਰਜੰਟ ਸਿੰਘ ਸੰਧੂ, ਗੁਰਦੁਆਰਾ ਬੇਰ ਸਾਹਿਬ ਦੇ ਹੈਡਗ੍ਰੰਥੀ ਭਾਈ ਹਰਜਿੰਦਰ ਸਿੰਘ, ਜਥੇਦਾਰ ਰਣਜੀਤ ਸਿੰਘ ਆਹਲੀ ਖੁਰਦ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਸਤਿੰਦਰ ਸਿੰਘ ਬਾਜਵਾ, ਮੈਨੇਜਰ ਜਰਨੈਲ ਸਿੰਘ, ਜਥੇਦਾਰ ਹਰਜਿੰਦਰ ਸਿੰਘ ਲਾਡੀ, ਮਨਜੀਤ ਸਿੰਘ, ਪ੍ਰਤਾਪ ਸਿੰਘ ਮੋਮੀ, ਬੀਬੀ ਗੁਰਮੀਤ ਕੌਰ ਦਰੀਏਵਾਲ, ਸਤਵੰਤ ਕੌਰ ਪ੍ਰਧਾਨ ਇਨਰਵੀਲ ਕਲੱਬ, ਬਲਜਿੰਦਰ ਸਿੰਘ ਚੂਹੜਪੁਰ, ਬਲਵੰਤ ਸਿੰਘ ਗਾਜੀਪੁਰ, ਅਜੈਬ ਸਿੰਘ ਫੱਤੂਵਾਲ, ਇੰਦਰ ਸਿੰਘ, ਹਰਜਿੰਦਰ ਸਿੰਘ ਲਾਟੀਆਂਵਾਲ, ਹਰੀ ਸਿੰਘ ਵਾਟਾਂ ਵਾਲੀ, ਗੁਰਦੀਪ ਸਿੰਘ ਠੱਟਾ, ਐਸਸੀ ਵਿੰਗ ਦੇ ਜਿਲਾ ਪ੍ਰਧਾਨ ਕੁਲਦੀਪ ਸਿੰਘ ਬੂਲੇ, ਸਤਨਾਮ ਸਿੰਘ ਰਾਮੇ, ਕਮਲਜੀਤ ਸਿੰਘ ਹੈਬਤਪੁਰ, ਹਰਜਿੰਦਰ ਸਿੰਘ ਲਾਡੀ, ਮੁਖਤਿਆਰ ਸਿੰਘ, ਬਲਕਾਰ ਸਿੰਘ ਕੌੜਾ, ਗੁਰਦਿਆਲ ਸਿੰਘ, ਸੰਤਾ ਸਿੰਘ ਜੱਬੋ ਸੁਧਾਰ, ਸਰਵਣ ਸਿੰਘ ਚੰਦੀ, ਬਲਦੇਵ ਸਿੰਘ ਸਾਬਕਾ ਸਰਪੰਚ, ਹਰਵਿੰਦਰ ਸਿੰਘ, ਮਾਸਟਰ ਮੋਹਨ ਸਿੰਘ, ਭਜਨ ਸਿੰਘ, ਪ੍ਰਤਾਪ ਸਿੰਘ ਮੋਮੀ, ਭਗਵਾਨ ਸਿੰਘ, ਜਸਵੰਤ ਸਿੰਘ ਕੌੜਾ, ਗੁਰਦੀਪ ਸਿੰਘ, ਸਵਰਨ ਸਿੰਘ, ਮਾਸਟਰ ਸ਼ਰਮ ਸਿੰਘ, ਅਮਰੀਕ ਸਿੰਘ, ਮਨਜੀਤ ਸਿੰਘ ਜੰਮੂ, ਰਣਜੀਤ ਸਿੰਘ, ਜਰਨੈਲ ਸਿੰਘ ਬੂਲੇ, ਸੁਖਵਿੰਦਰ ਕੌਰ ਕੜਾਲਾਂ, ਮਨਦੀਪ ਕੌਰ, ਗੁਰਮੀਤ ਕੌਰ, ਗੁਰਬਖਸ਼ ਕੌਰ, ਦਵਿੰਦਰ ਸਿੰਘ, ਹਰਮਿੰਦਰ ਸਿੰਘ, ਹਰਜਿੰਦਰ ਸਿੰਘ, ਗੁਰਦਿਆਲ ਸਿੰਘ, ਗੁਰਦੀਪ ਸਿੰਘ, ਕੱਥਾ ਸਿੰਘ, ਗੱਜਣ ਸਿੰਘ, ਜਸਵਿੰਦਰ ਸਿੰਘ, ਬਲਵੀਰ ਸਿੰਘ, ਨਿਰੰਜਨ ਸਿੰਘ, ਲਖਵਿੰਦਰ ਸਿੰਘ, ਰਣਜੀਤ ਸਿੰਘ ਆਹਲੀ, ਪਿਆਰਾ ਸਿੰਘ, ਭਜਨ ਸਿੰਘ, ਸੁਰਜਨ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਖੱਬੀਆਂ ਪਾਰਟੀਆਂ ਵੱਲੋਂ ਫਲਸਤੀਨ ਦੇ ਹੱਕ 'ਚ ਰੋਸ ਮੁਜ਼ਾਹਰਾ

ਅੰਮ੍ਰਿਤਸਰ, (ਨਜ਼ਸ): ਅਮਰੀਕੀ ਸਾਮਰਾਜ ਦੀ ਹਮਾਇਤ ਨਾਲ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਵਿਰੁੱਧ ਵੱਖ-ਵੱਖ ਖੱਬੇਪੱਖੀ ਪਾਰਟੀਆਂ ਵੱਲੋਂ ਫ਼ਾਸ਼ੀਵਾਦੀ ਹਮਲਿਆਂ ਵਿਰੁੱਧ ਫਰੰਟ ਦੇ ਸੱਦੇ 'ਤੇ ਭੰਡਾਰੀ ਪੁਲ ਤੋਂ ਹਾਲਗੇਟ ਤੱਕ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ ਜਿਸਦੀ ਪ੍ਰਧਾਨਗੀ ਲਖਬੀਰ ਸਿੰਘ ਨਿਜ਼ਾਮਪੁਰਾ, ਸਤਨਾਮ ਸਿੰਘ ਝੰਡੇਰ, ਬਲਦੇਵ ਸਿੰਘ ਸੈਦਪੁਰ ਤੇ ਬਲਬੀਰ ਸਿੰਘ ਮੂਲ ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਇਸ ਸਮੇਂ ਰਤਨ ਸਿੰਘ ਰੰਧਾਵਾ, ਬਲਕਾਰ ਸਿੰਘ ਦੁਧਾਲਾ, ਬਲਬੀਰ ਸਿੰਘ ਝਾਮਕਾ ਤੇ ਕਿਸਾਨ ਆਗੂ ਜਤਿੰਦਰ ਸਿੰਘ ਛੀਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਮਾਸ ਦਾ ਹਮਲਾ ਕੋਈ ਅੱਤਵਾਦੀ ਕਾਰਵਾਈ ਨਹੀਂ ਹੈ ਸਗੋਂ ਫ਼ਲਸਤੀਨੀਆਂ ਦੀ ਆਜ਼ਾਦੀ ਦੀ ਲੜਾਈ ਹੈ ਜਿਸ ਨੂੰ ਕਿ ਯੂਐੱਨਓ ਦੀ ਵੀ ਹਮਾਇਤ ਹਾਸਲ ਹੈ।

ਉਨ੍ਹਾਂ ਹੋਰ ਕਿਹਾ ਕਿ ਇਹ ਕੋਈ ਜੰਗ ਨਹੀਂ ਹੈ ਕਿਉਂਕਿ ਫਲਸਤੀਨੀ ਲੋਕ ਬੇਹਥਿਆਰੇ ਹਨ ਸਗੋਂ ਇਹ ਤਾਂ ਇਜ਼ਰਾਈਲ ਦੀ ਅਤਿ ਆਧੁਨਿਕ ਫੌਜ ਵੱਲੋਂ ਨਿਹੱਥੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੈ।ਇਜ਼ਰਾਈਲ ਹਮਲਾਵਰਾਂ ਵੱਲੋਂ ਬੱਚਿਆਂ, ਔਰਤਾਂ ਤੇ ਨਿਹੱਥੇ ਨਾਗਰਿਕਾਂ ਤੇ ਬੰਬਾਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਬੇਕਿਰਕੀ ਨਾਲ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਅਮਰੀਕਾ ਤੇ ਇਜ਼ਰਾਈਲ ਵੱਲੋਂ ਯੂਐੱਨਓ ਵਰਗੇ ਕੌਮਾਂਤਰੀ ਅਦਾਰਿਆਂ ਦੇ ਮਤਿਆਂ ਤੇ ਕੌਮਾਂਤਰੀ ਭਾਈਚਾਰੇ ਦੀਆਂ ਭਾਵਨਾਵਾਂ ਤੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਹਿਲਾਂ ਇਜ਼ਰਾਈਲ ਦੀ ਹਮਾਇਤ ਕੀਤੀ ਗਈ ਪਰ ਕੌਮਾਂਤਰੀ ਤੇ ਦੇਸ਼ ਪੱਧਰੀ ਵਿਰੋਧ ਦੇ ਦਬਾਅ ਹੇਠ ਮੋਦੀ ਸਰਕਾਰ ਨੂੰ ਪਿੱਛੇ ਹਟਣਾ ਪਿਆ।ਇਸ ਸਮੇਂ ਲੋਕਾਂ ਦੇ ਇਕੱਠ ਵੱਲੋਂ ਮੰਗ ਕੀਤੀ ਗਈ ਕਿ ਫਲਸਤੀਨੀ ਲੋਕਾਂ 'ਤੇ ਹਮਲੇ ਫੌਰੀ ਤੌਰ 'ਤੇ ਬੰਦ ਕੀਤੇ ਜਾਣ, ਫਲਸਤੀਨ ਵਿੱਚ ਯੂਐੱਨਓ ਦੇ ਮਤਿਆਂ ਨੂੰ ਲਾਗੂ ਕੀਤਾ ਜਾਵੇ ਅਤੇ ਫ਼ਲਸਤੀਨ ਨੂੰ ਆਜ਼ਾਦ ਕੀਤਾ ਜਾਵੇ।ਇਸ ਸਮੇਂ ਅਵਤਾਰ ਸਿੰਘ ਜੱਸੜ, ਜਗਤਾਰ ਸਿੰਘ ਕਰਮਪੁਰਾ, ਵਿਜੇ ਕੁਮਾਰ, ਵਿਦਿਆਰਥੀ ਆਗੂ ਰਵਿੰਦਰ ਕੌਰ, ਰਵਿੰਦਰ ਸਿੰਘ ਛੱਜਲਵੱਡੀ ਆਦਿ ਹਾਜ਼ਰ ਸਨ।

ਐਡਵੋਕੇਟ ਰਣਜੀਤ ਕੁਮਾਰ ਸਨਮਾਨਤ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸ਼ਿਰੋਮਣੀ ਸ਼੍ਰੀ ਗੁਰੂ ਰਵਿਦਾਸ ਸਭਾ ਰਜਿ. ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਰਣਜੀਤ ਕੁਮਾਰ ਐਡਵੋਕੇਟ, ਨੂੰ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦਾ ਪ੍ਰਧਾਨ ਚੁਣੇ ਜਾਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਭਾ ਦੇ ਪ੍ਰਧਾਨ ਬਲਵੀਰ ਸਿੰਘ ਹੀਰ, ਚਰਨਜੀਤ ਸਿੰਘ ਭਲੇਠ ਜਨਰਲ ਸਕੱਤਰ, ਬੀ.ਆਰ.ਬੱਧਣ ਸੀਨਿਅਰ ਮੀਤ ਪ੍ਰਧਾਨ, ਡਾ. ਜਸਵਿੰਦਰ ਸਿੰਘ ਮੁੱਖ ਸਲਾਹਕਾਰ, ਹਰਵਿੰਦਰ ਸਿੰਘ ਮੀਤ ਪ੍ਰਧਾਨ ਅਤੇ ਦਲਵੀਰ ਸਿੰਘ ਭਟਰਾਨਾ ਮੀਤ ਪ੍ਰਧਾਨ ਆਦਿ ਹਾਜ਼ਰ ਸਨ।

ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਨਵੇਂ ਵਰ੍ਹੇ ਦੀ ਆਮਦ ਮੌਕੇ ਸੱਭਿਆਚਾਰਕ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਨਵੇਂ ਸਾਲ ਦੀ ਆਮਦ 'ਤੇ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ (ਰਜਿ:) ਵੱਲੋਂ ਰੰਗਮੰਚ ਭਵਨ ਪੁਤਲੀ ਘਰ ਵਿਖੇ ਵਿਸ਼ੇਸ਼ ਸਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਨਾਟਕਕਾਰ ਅਤੇ ਮੰਚ-ਰੰਗਮੰਚ ਅੰਮ੍ਰਿਤਸਰ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਜਿੱਥੇ ਰੰਗਕਰਮੀਆਂ ਅਤੇ ਦੇਸ਼ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਉਥੇ ਇਸ ਮੌਕੇ ਹਾਜ਼ਰ ਰੰਗਕਰਮੀਆਂ ਵੱਲੋਂ ਸੰਸਥਾ ਵਲੋਂ ਬੀਤੇ ਵਰ੍ਹੇ 2023 ਦੌਰਾਨ ਕੀਤੀਆਂ ਰੰਗਮੰਚ ਗਤੀਵਿਧੀਆਂ ਦਾ ਮੁਲਾਂਕਣ ਕੀਤਾ ਗਿਆ ਅਤੇ 2024 ਵਿਚ ਕੀਤੇ ਜਾਣ ਵਾਲੇ ਨਾਟਕਾਂ ਦੇ ਮੰਚ ਬਾਰੇ ਰੂਪ ਰੇਖਾ ਤਿਆਰ ਕੀਤੀ ਗਈ।ਕੇਵਲ ਧਾਲੀਵਾਲ ਨੇ ਦੱਸਿਆ ਕਿ ਨਵੇਂ ਵਰ੍ਹੇ ਦੇ ਆਰੰਭ ਵਿਚ ਸੰਸਥਾ ਵਲੋਂ ਭਾਅ ਗੁਰਸ਼ਰਨ ਸਿੰਘ ਦਾ ਦੁੱਲਾ ਭੱਟੀ ਦੀ ਵੀਰ ਗਾਥਾ ਸੰਬੰਧੀ ਲਿਖੇ ਪ੍ਰਸਿੱਧ ਨਾਟਕ 'ਧਮਕ ਨਗਾਰੇ ਦੀ' ਦੀ ਤਿਆਰੀ ਆਰੰਭ ਕੀਤੀ ਗਈ ਹੈ ਤੇ ਜਿਸ ਦਾ ਮੰਚਨ 15 ਜਨਵਰੀ ਨੂੰ ਮਾਘੀ ਮੇਲੇ ਮੌਕੇ ਸ੍ਰੀ ਮੁਕਤਸਰ ਸਾਹਿਬ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਏ ਜਾ ਰਹੇ ਤਿੰਨ ਰੋਜ਼ਾ ਮੇਲੇ ਮੌਕੇ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 2024 ਦੌਰਾਨ ਮਾਰਚ ਵਿਚ ਵਿਸ਼ਵ ਰੰਗਮੰਚ ਦਿਵਸ ਮਨਾਉਣ ਤੋਂ ਇਲਾਵਾ ਜੂਨ ਮਹੀਨੇ ਥੀਏਟਰ ਵਰਕਸ਼ਾਪ ਵੀ ਲਗਾਈ ਜਾਵੇਗੀ ਅਤੇ ਇਸ ਉਪਰੰਤ ਨੈਸ਼ਨਲ ਥੀਏਟਰ ਫੈਸਟੀਵਲ ਦਾ ਵੀ ਅੰਮ੍ਰਿਤਸਰ ਵਿਖੇ ਆਯੋਜਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਮੰਚ-ਰੰਗਮੰਚ ਵੱਲੋਂ ਇਸ ਨਵੇਂ ਵਰ੍ਹੇ ਦੌਰਾਨ ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਪਾਕਿਸਤਾਨ ਅਤੇ ਹੋਰ ਮੁਲਕਾਂ ਵਿਚ ਵੀ ਰੰਗਮੰਚ ਪੇਸ਼ਕਾਰੀਆਂ ਕੀਤੀਆਂ ਜਾਣਗੀਆਂ।ਇਸ ਮੌਕੇ ਕਲਾਕਾਰਾਂ ਵੱਲੋਂ ਸੱਭਿਆਚਾਰਕ ਗੀਤ ਪੇਸ਼ ਕਰਕੇ ਨਵੇਂ ਵਰ੍ਹੇ ਦਾ ਸਵਾਗਤ ਕੀਤਾ ਗਿਆ ਅਤੇ ਪੰਜਾਬੀ ਰੰਗਮੰਚ ਦੀ ਬੇਹਤਰੀ ਅਤੇ ਸਰਬਤ ਦੇ ਭਲੇ ਦੀ ਕਾਮਨਾ ਕੀਤੀ ਗਈ।ਇਸ ਮੌਕੇ ਸ਼੍ਰੋਮਣੀ ਅਦਾਕਾਰਾ ਜਤਿੰਦਰ ਕੌਰ, ਡੋਲੀ ਸੱਡਲ, ਜਸਵੰਤ ਸਿੰਘ, ਪਵਨਦੀਪ, ਹਰਿੰਦਰ ਸੋਹਲ, ਗੁਰਤੇਜ ਮਾਨ, ਵੀਰਪਾਲ ਕੌਰ, ਸਰਬਜੀਤ ਲਾਡਾ, ਵਿਸ਼ੂ ਸ਼ਰਮਾ, ਸਾਜਨ ਕੋਹਿਨੂਰ, ਗੁਰਦਿੱਤ ਪਾਲ ਸਿੰਘ, ਹਰਪ੍ਰੀਤ ਸਿੰਘ, ਸਨੇਹਲ ਕੁਮਾਰ, ਕੁਸ਼ਾਗਰ ਕਾਲੀਆ, ਹਰਸ਼ਿਤਾ, ਤਮੰਨਾ, ਗੀਤ ਕੌਰ, ਅਵਾਸ ਸੇਠੀ, ਬਿੱਲਾ ਸਿੰਘ, ਜੱਗੀ ਸਿੰਘ, ਜੌਨਪਾਲ, ਵਿਕਾਸ ਜੋਸ਼ੀ ਸਮੇਤ ਹੋਰ ਕਲਾਕਾਰ ਹਾਜ਼ਰ ਸਨ।

ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਵੱਲੋਂ ਅਪਗ੍ਰੇਡ ਆਟੋਮੈਟਿਕ ਗੇਟ ਦਾ ਉਦਘਾਟਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦੋਵੇਂ ਗੇਟ ਹੁਣ ਖਿੱਚ ਦਾ ਕੇਂਦਰ ਹੋਣਗੇ। ਇਸੇ ਸਾਲ ਜੀ. ਟੀ. ਰੋਡ ਵਾਲੇ ਮੁੱਖ ਗੇਟ ਦਾ ਨਵੀਨੀਕਰਨ ਕੀਤਾ ਗਿਆ ਹੈ ਉਥੇ ਹੁਣ ਰਾਮ ਤੀਰਥ ਰੋਡ ਨੂੰ ਨਵੀਂ ਦਿੱਖ ਦੇ ਦਿੱਤੀ ਗਈ ਹੈ ਜੋ ਦੂਰੋਂ ਨੇੜਿਓਂ ਆਉਣ ਵਾਲੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਵੱਲੋਂ ਆਪਣੇਕਾਰਜਕਾਲ 'ਚ ਕੀਤੇ ਗਏ ਅਹਿਮ ਕੰਮਾਂ ਵਾਂਗ ਹੀ ਇਸ ਗੇਟ ਨੂੰ ਦਿੱਤੀ ਗਈ ਨਵੀਂ ਦਿੱਖ ਵਜੋਂ ਵੇਖਿਆ ਜਾ ਰਿਹਾ ਹੈ। ਨਵੇਂ ਸਾਲ 2024 ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੇ ਇਸ ਨਵੇਂ ਆਧੁਨਿਕ ਅਪਗ੍ਰੇਡ ਆਟੋਮੈਟਿਕ ਗੇਟ

ਦਾ ਉਦਘਾਟਨ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਸਮੇਤ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਿਥੇ ਨਵੇਂ ਸਾਲ ਦੀਆਂ ਸਮੂਹ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ ਉਥੇ ਉਨ੍ਹਾਂ ਕਿਹਾ ਕਿ ਇਸ ਸਾਲ ਵੀ ਪਿਛਲੇ ਸਾਲਾਂ ਵਾਂਗ ਹੀ ਯੂਨੀਵਰਸਿਟੀ ਦੇ ਕੰਮਾਂ ਨੂੰ ਹੋਰ ਵੀ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਨਵਾਂ ਅਪਗ੍ਰੇਡ ਆਟੋਮੈਟਿਕ ਗੇਟ ਜਿਥੇ ਨਵੇਂ ਸਾਲ ਦੇ ਨਿੱਘੇ ਸਵਾਗਤ ਦਾ ਪ੍ਰਤੀਕ ਹੈ ਅਤੇ ਸਦਾ ਹੀ ਇਥੇ ਆਉਣ ਵਾਲਿਆਂ ਨੂੰ ਖੁਸ਼ਆਮਦੀਦ ਕਹਿੰਦਾ ਪ੍ਰਤੀਤ ਹੁੰਦਾ ਰਹੇਗਾ।

18 ਆਈ ਏ ਐੱਸ ਅਧਿਕਾਰੀਆਂ ਦੇ ਤਬਾਦਲੇ ਤੇ ਨਿਯੁਕਤੀਆਂ ਦੇ ਆਦੇਸ਼

ਚੰਡੀਗੜ੍ਹ (ਕ੍ਰਿਸ਼ਨ ਗਰਗ) -ਹਰਿਆਣਾ ਸਰਕਾਰ ਨੇ 18 ਆਈਏਐਸ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀ ਆਦੇਸ਼ ਜਾਰੀ ਕੀਤੇ ਹਨ। ਡੀ ਸੁਰੇਸ਼ ਨੂੰ ਮਾਨਵ ਸੰਸਾਧਨ ਵਿਭਾਗ ਦਾ ਪ੍ਰਧਾਨ ਸਕੱਤਰ ਲਗਾਇਆ ਗਿਆ ਹੈ।ਵਿਜੈ ਸਿੰਘ ਦਹਿਆ ਨੂੰ ਕਮਿਸ਼ਨਰ ਕਰਨਾਲ ਡਿਵੀਜਨ ਲਗਾਇਆ ਗਿਆ ਹੈ।

ਅਮਿਤ ਕੁਮਾਰ ਅਗਰਵਾਲ ਨੂੰ ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ, ਪ੍ਰੋਜੈਕਟ ਡਾਇਰੈਕਟਰ, ਮੁੱਖ ਮੰਤਰੀ ਸੁਸਾਸ਼ਨ ਸਹਿਯੋਗੀ ਪ੍ਰੋਗ੍ਰਾਮ ਅਤੇ ਏਮਡੀ ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਲਗਾਇਆ ਗਿਆ ਹੈ। ਸ੍ਰੀਮਤੀ ਆਸ਼ਿਮਾ ਬਰਾੜ ਨੂੰ ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਅਤੇ ਮਹਾਨਿਦੇਸ਼ਕ ਅਤੇ ਸਕੱਤਰ ਸਮਾਜਿਕ ਨਿਆਂ ਅਤੇ ਅਧਿਕਾਰਤਾ ਭਲਾਈ, ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਸ਼੍ਰੇਣੀਆਂ ਅਤੇ ਅੰਤੋਂਦੇਯ (ਸੇਵਾ) ਵਿਭਾਗ ਲਗਾਇਆ ਗਿਆ ਹੈ। ਜੀ ਰਜਨੀਕਾਥਨ ਨੂੰ ਮਹਾਨਿਦੇਸ਼ਕ ਉਦਯੋਗ ਅਤੇ ਵਪਾਰ ਵਿਭਾਗ , ਮਹਾਨਿਦੇਸ਼ਕ ਐਮਐਸਐਮਈ ਅਤੇ ਸਿਵਲ ਏਵੀਏਸ਼ਨ ਵਿਭਾਗ ਦਾ ਸਲਾਹਕਾਰ ਲਗਾਇਆ ਗਿਆ ਹੈ।ਪੀ ਸੀ ਮੀਣਾ ਨੂੰ ਮਹਾਨਿਦੇਸ਼ਕ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਲਗਾਇਆ ਗਿਆ ਹੈ।ਏ ਸ੍ਰੀਨਿਵਾਸ ਸੀਈਓ ਫਰੀਦਾਬਾਦ ਮੈਟਰੋਪੋਲੀਟਨ ਵਿਕਾਸ ਅਥਾਰਿਟੀ ਅਤੇ ਪ੍ਰਬੰਧ ਨਿ

2-jan-PAGE-4.qxd 1/1/2024 10:50 PM Page 1

ਨਵਾਂ ਜ਼ਮਾਨਾ
ਮੰਗਲਵਾਰ, 2 ਜਨਵਰੀ 2024

ਭਾਜਪਾ ਬਲਾਤਕਾਰੀਆਂ ਦੀ ਪਨਾਹਗਾਹ

ਇਸ ਤਰ੍ਹਾਂ ਜਾਪਦਾ ਹੈ ਕਿ ਸਾਰੇ ਬਲਾਤਕਾਰੀ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਪ੍ਰਧਾਨ ਮੰਤਰੀ ਦੇ ਲੋਕ ਸਭਾ ਹਲਕੇ ਵਿਚਲੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਆਈ ਆਈ ਟੀ ਵਿੱਚ ਬੀਤੀ 1 ਨਵੰਬਰ ਨੂੰ ਤਿੰਨ ਗੁੰਡਿਆਂ ਵੱਲੋਂ ਇੱਕ ਵਿਦਿਆਰਥਣ ਨਾਲ ਜਿਨਸੀ ਦੁਰਵਿਹਾਰ ਕੀਤਾ ਗਿਆ ਸੀ। ਪੀੜਤ ਵਿਦਿਆਰਥਣ ਮੁਤਾਬਕ ਮੋਟਰਸਾਈਕਲ ਉੱਤੇ ਆਏ ਤਿੰਨ ਬਦਮਾਸ਼ਾਂ ਨੇ ਉਸ ਦੇ ਕੱਪੜੇ ਉਤਾਰ ਕੇ ਉਸ ਨਾਲ ਜਿਨਸੀ ਛੇੜਛਾੜ ਕੀਤੀ ਤੇ ਵੀਡੀਓ ਬਣਾਇਆ। ਅਗਲੇ ਦਿਨ ਵਿਦਿਆਰਥੀਆਂ ਨੇ ਸੰਸਥਾ ਦੇ ਡਾਇਰੈਕਟਰ ਦੇ ਦਫ਼ਤਰ ਮੂਹਰੇ ਧਰਨਾ ਲਾ ਦਿੱਤਾ। ਦੇਸ਼ ਪੱਧਰ ਉੱਤੇ ਮਾਮਲਾ ਗਰਮ ਹੋਣ ਉੱਤੇ ਵੀ ਕੋਈ ਕਾਰਵਾਈ ਨਹੀਂ ਹੋਈ।

ਦੋ ਮਹੀਨੇ ਬੀਤ ਜਾਣ ਤੋਂ ਬਾਅਦ ਜਨਤਕ ਦਬਾਅ ਹੇਠ ਹੁਣ ਜਦੋਂ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤਾਂ ਸਮਝ ਵਿੱਚ ਆ ਗਿਆ ਹੈ ਕਿ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਤੋਂ ਪੁਲਸ ਕਿਉਂ ਝਿਜਕ ਰਹੀ ਸੀ। ਅਸਲ ਵਿੱਚ ਇਹ ਬਲਾਤਕਾਰੀ ਭਾਜਪਾ ਦੇ ਹੀ ਪਾਲੇ ਹੋਏ ਗੁੰਡੇ ਸਨ। ਇਨ੍ਹਾਂ ਦੀਆਂ ਤਸਵੀਰਾਂ ਪ੍ਰਧਾਨ ਮੰਤਰੀ ਮੋਦੀ, ਮੁੱਖ ਮੰਤਰੀ ਯੋਗੀ ਅਤੇ ਮਹਿਲਾ ਤੇ ਵਿਕਾਸ ਮੰਤਰੀ ਸਮ੍ਰਿਤੀ ਈਰਾਨੀ ਨਾਲ ਸੋਸ਼ਲ ਮੀਡੀਆ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ।

ਕਾਂਗਰਸ ਨੇ ਕਿਹਾ ਹੈ ਕਿ ਵਿਦਿਆਰਥਣ ਨਾਲ ਗੈਂਗਰੇਪ ਕਰਨ ਵਾਲੇ 60 ਦਿਨ ਬਾਅਦ ਫੜੇ ਗਏ, ਇਹ ਸਾਰੇ ਭਾਜਪਾ ਦੇ ਅਹੁਦੇਦਾਰ ਹਨ। ਇਹ ਸਾਰੇ ਭਾਜਪਾ ਦੇ ਉੱਚ ਆਗੂਆਂ ਦੇ ਕਰੀਬੀ ਹਨ। ਇਹ ਪ੍ਰਧਾਨ ਮੰਤਰੀ ਨੂੰ ਸਿੱਧੇ ਮਿਲਦੇ ਰਹੇ ਹਨ। ਇਹੋ ਭਾਜਪਾ ਦਾ ਚਾਲ-ਚਲਿੱਤਰ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਇਨ੍ਹਾਂ ਦੋਸ਼ੀਆਂ ਦੀਆਂ ਨਰਿੰਦਰ ਮੋਦੀ, ਯੋਗੀ ਆਦਿਤਿਆਨਾਥ ਤੇ ਸਮ੍ਰਿਤੀ ਈਰਾਨੀ ਨਾਲ ਫੋਟੋਆਂ ਜਾਰੀ ਕੀਤੀਆਂ ਹਨ।

ਪੁਲਸ ਅਧਿਕਾਰੀਆਂ ਮੁਤਾਬਕ ਦੋਸ਼ੀਆਂ ਦੀ ਪਛਾਣ ਕੁਣਾਲ ਪਾਂਡੇ, ਆਨੰਦ ਚੌਹਾਨ ਤੇ ਸਕਸ਼ਮ ਪਟੇਲ ਵਜੋਂ ਹੋਈ ਹੈ। ਇਹ ਸਾਰੇ ਵਾਰਾਨਸੀ ਦੇ ਰਹਿਣ ਵਾਲੇ ਹਨ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਹੈ, 'ਇਹ ਹਨ ਭਾਜਪਾ ਦੇ ਵੱਡੇ ਆਗੂਆਂ ਦੀ ਛਤਰਛਾਇਆ ਹੇਠ ਸਰੇਆਮ ਪਲਦੇ ਭਾਜਪਾਈਆਂ ਦੀ ਨਵੀਂ ਫ਼ਸਲ। ਜਨਤਾ ਦੇ ਦਬਾਅ ਕਾਰਨ ਆਖਰ ਦੁਸ਼ਕਰਮੀਆਂ ਨੂੰ ਗ੍ਰਿਫ਼ਤਾਰ ਕਰਨਾ ਪਿਆ।'

'ਇੰਡੀਅਨ ਐੱਕਸਪ੍ਰੈੱਸ' ਦੀ ਖ਼ਬਰ ਮੁਤਾਬਕ ਵਿਦਿਆਰਥਣ ਨੇ 2 ਨਵੰਬਰ ਨੂੰ ਪੁਲਸ ਕੋਲ ਸ਼ਿਕਾਇਤ ਦਰਜ ਕਰਾਈ ਸੀ। ਉਸ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਹ 1 ਤੇ 2 ਦੀ ਦਰਮਿਆਨੀ ਰਾਤ ਨੂੰ ਹੋਸਟਲ ਦੇ ਬਾਹਰ ਘੁੰਮ ਰਹੀ ਸੀ। ਇੱਕ ਮੋਟਰਸਾਈਕਲ ਉਤੇ ਤਿੰਨ ਬਦਮਾਸ਼ ਆਏ ਤੇ ਉਸ ਨੂੰ ਫੜ ਕੇ ਇੱਕ ਕੋਨੇ ਵਿੱਚ ਲੈ ਗਏ। ਉਨ੍ਹਾਂ ਮੇਰੇ ਕੱਪੜੇ ਉਤਾਰ ਦਿੱਤੇ ਤੇ ਮੇਰੇ ਨਾਲ ਬਦਤਮੀਜ਼ੀ ਕੀਤੀ। ਕੁਝ ਸਮੇਂ ਬਾਅਦ ਜਦੋਂ ਉਨ੍ਹਾਂ ਮੈਨੂੰ ਛੱਡਿਆ ਤਾਂ ਮੈਂ ਇੱਕ ਪ੍ਰੋਫ਼ੈਸਰ ਦੀ ਰਿਹਾਇਸ਼ ਅੰਦਰ ਗਈ, ਜੋ ਮੈਨੂੰ ਥਾਣੇ ਲੈ ਕੇ ਆਇਆ। ਪੁਲਸ ਨੇ ਪਹਿਲਾਂ ਸਿਰਫ਼ ਨਿਰਵਸਤਰ ਕਰਨ ਦਾ ਕੇਸ ਦਰਜ ਕੀਤਾ। ਬਾਅਦ ਵਿੱਚ ਜਨਤਕ ਦਬਾਅ ਹੇਠ ਸਮੂਹਿਕ ਬਲਾਤਕਾਰ ਦੀ ਧਾਰਾ ਜੋੜੀ ਗਈ ਸੀ। ਇਸ ਘਟਨਾ ਤੋਂ ਦੋ ਦਿਨ ਪਹਿਲਾਂ 30 ਅਕਤੂਬਰ ਨੂੰ ਵੀ ਅਜਿਹੀ ਹੀ ਘਟਨਾ ਵਾਪਰੀ ਸੀ। ਇਸ ਦੀ ਸੂਚਨਾ ਪ੍ਰਾਕਟਰ ਦਫ਼ਤਰ ਨੂੰ ਦਿੱਤੀ ਗਈ ਸੀ, ਪਰ ਉਸ ਉੱਤੇ ਕੋਈ ਕਾਰਵਾਈ ਨਾ ਕੀਤੀ ਗਈ। ਯੂਨੀਵਰਸਿਟੀ ਪ੍ਰਸ਼ਾਸਨ ਜੇ ਉਸ ਘਟਨਾ ਨੂੰ ਸੰਜੀਦਗੀ ਨਾਲ ਲੈਂਦਾ ਤਾਂ ਦੂਜੀ ਘਟਨਾ ਨਾ ਘਟਦੀ।

ਵਾਕ ਓਵਰ !

ਵਿਹੜੇ ਵਿੱਚ ਹੈ ਚੋਣਾਂ ਦੀ ਆਈ,
ਵਿੰਨ੍ਹਣ ਵਾਸਤੇ ਕੰਨ ਤੁਰਿਆ।
'ਕਠੇ ਹੋ ਕੇ ਲੜਨ ਏਹ ਲੋਕ ਚਾਹੁੰਦੇ,
ਹਰ ਕੋਈ ਪਰ ਚੁੱਕ ਕੇ ਫੰਨ ਤੁਰਿਆ।
ਨਹੀਂ ਕਦੇ ਵੀ ਮੋਠ ਤੇ ਮੋਠ ਟਿਕਦਾ,
ਤਾਹੀਂ ਖੜ੍ਹਾ ਖਲੋਤਾ ਹੈ ਬੰਨ੍ਹ ਤੁਰਿਆ।
ਉਧਰ ਭਗਵਾਂ ਕਾਫ਼ਲਾ ਬਹੁਤ ਵੱਡਾ,
ਫੇਰ ਉਹ ਚੁੱਕਣ ਨੂੰ ਛੰਨ ਤੁਰਿਆ।
ਦੇਣਾ ਚਾਹੁੰਦੇ ਨੇ ਜਦੋਂ ਇਹ ਵਾਕ ਓਵਰ,
ਕੀ ਕਰਨਗੀਆਂ ਸਾਡੀਆਂ ਭਾਵਨਾਵਾਂ।
ਭਰੇ ਹੋਏ ਫਤੂਰ ਦੇ ਨਾਲ ਸਾਰੇ,
ਤੋੜਨ ਵਾਸਤੇ ਲੋਕਾਂ ਦੀਆਂ ਕਾਮਨਾਵਾਂ।

-ਗੁਲਪੁਰ

ਬਰਸੀ 'ਤੇ ਵਿਸ਼ੇਸ਼

ਰੰਗਮੰਚ ਦਾ ਮਹਾਨਾਇਕ ਸ਼ਹੀਦ ਸਫਦਰ ਹਾਸ਼ਮੀ

ਦਵਿੰਦਰ ਪਾਲ ਹੀਉਂ (ਬੰਗਾ)

ਭਾਰਤੀ ਰੰਗਮੰਚ ਦੇ ਮਹਾਨਾਇਕ, ਚਰਚਿੱਤ ਇਨਕਲਾਬੀ ਨਾਟਕ "ਹੱਲਾ ਬੋਲ" ਰਾਹੀਂ ਕਿਰਤੀ ਕਾਮਿਆਂ ਨੂੰ ਜਾਗਣ ਦਾ ਹੋਕਾ ਦੇਣ ਵਾਲੇ ਨੁੱਕੜ ਨਾਟਕਾਂ ਦੇ ਜਨਮ ਦਾਤਾ ਮਹਾਨ ਸ਼ਹੀਦ ਸਾਥੀ ਸਫਦਰ ਹਾਸ਼ਮੀ ਦਾ ਜਨਮ 12 ਅਪ੍ਰੈਲ 1954 ਨੂੰ ਦਿੱਲੀ ਦੇ ਇੱਕ ਮਜ਼ਦੂਰ ਪਰਵਾਰ ਹਨੀਫ ਅਤੇ ਕੋਮਰ ਅਜ਼ਾਦ ਹਾਸ਼ਮੀ ਦੇ ਘਰ ਵਿੱਚ ਹੋਇਆ। ਇੱਕ ਇਨਕਲਾਬੀ ਕਮਿਊਨਿਸਟ, ਬੁੱਧੀਜੀਵੀ, ਕਵੀ, ਨਾਟਕਕਾਰ, ਕਲਾਕਾਰ, ਨਿਰਦੇਸ਼ਕ, ਪੱਤਰਕਾਰ, ਸਾਹਿਤਕਾਰ, ਗੀਤਕਾਰ ਅਤੇ ਨਿੱਡਰ ਆਗੂ ਸਾਥੀ ਸਫਦਰ ਹਾਸ਼ਮੀ ਦਾ ਸ਼ੁਰੂਆਤੀ ਜੀਵਨ ਅਲੀਗੜ੍ਹ ਤੇ ਦਿੱਲੀ ਵਿੱਚ ਗੁਜ਼ਰਿਆ। ਇੱਥੇ ਇੱਕ ਪ੍ਰਗਤੀਸ਼ੀਲ ਮਾਰਕਸਵਾਦੀ ਪਰਵਾਰ ਵਿੱਚ ਉਸ ਦਾ ਪਾਲਣ-ਪੋਸ਼ਣ ਹੋਇਆ। ਮੁਢਲੀ ਸਿੱਖਿਆ ਲਈ ਦਿੱਲੀ ਦੇ ਸੈਂਟ ਸਟੀਫੇਨਸ ਕਾਲਜ ਤੋਂ ਇੰਗਲਿਸ਼ ਵਿੱਚ ਗ੍ਰੈਜੂਏਸ਼ਨ ਕਰਕੇ ਦਿੱਲੀ ਯੂਨੀਵਰਸਿਟੀ ਵਿਖੇ ਇੰਗਲਿਸ਼ ਦੀ ਐੱਮ ਏ ਕੀਤੀ। ਇਸ ਦੌਰਾਨ ਸਫਦਰ ਹਾਸ਼ਮੀ "ਜਨ ਨਾਟਿਆ ਮੰਚ" ਅਤੇ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ (ਐੱਸ ਐੱਫ ਆਈ) ਦੇ ਦਿੱਲੀ ਵਿੱਚ ਸੰਸਥਾਪਕ ਆਗੂ ਬਣੇ। ਹਾਸ਼ਮੀ ਨੇ "ਜਨ ਨਾਟਿਆ ਮੰਚ" (ਜਨਮ) ਦੀ ਨੀਂਹ 1973 ਵਿੱਚ ਇਪਟਾ ਤੋਂ ਅਲੱਗ ਹੋ ਕੇ ਰੱਖੀ। ਜਨਮ ਵੱਲੋਂ ਦੇਸ਼ ਦੇ ਸਨਅਤੀ ਮਜ਼ਦੂਰਾਂ ਦੇ ਸੰਗਠਨ ਸੀਟੂ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਗਿਆ। ਇਸ ਤੋਂ ਇਲਾਵਾ ਵਿਦਿਆਰਥੀ, ਨੌਜਵਾਨ, ਔਰਤਾਂ ਅਤੇ ਕਿਸਾਨ ਜਥੇਬੰਦੀਆਂ ਦੇ ਸੰਘਰਸ਼ਾਂ ਵਿੱਚ ਵੀ ਬਿਹਤਰੀਨ ਰੋਲ ਅਦਾ ਕੀਤਾ। ਸਫਦਰ ਹਾਸ਼ਮੀ ਇੱਕ ਅਜਿਹਾ ਮਹਾਨ ਇਨਸਾਨ ਸੀ, ਜਿਸ ਦੀ ਰੰਗ-ਮੰਚ ਨੂੰ ਗਲੀ-ਗਲੀ ਤੇ ਘਰ-ਘਰ ਤੱਕ ਪਹੁੰਚਾਉਣ ਦੀ ਇੱਛਾ ਨੇ ਉਸ ਨੂੰ ਇੱਕ ਪੇਸ਼ੇਵਰ ਰੰਗਕਰਮੀ ਬਣਾਇਆ, ਜਿਸ ਦੇ ਦ੍ਰਿੜ੍ਹ ਸੰਕਲਪ ਨੇ ਪੈਸੇ ਕਮਾਉਣ, ਐਸ਼ੋ-ਆਰਾਮ ਤੇ ਚੰਗੇ ਵੱਡੇ ਆਹੁਦੇ ਵਾਲੀਆਂ ਨੌਕਰੀਆਂ ਨੂੰ ਲੱਤ ਮਾਰਦਿਆਂ ਹੋਇਆਂ ਦੇਸ਼ ਦੇ ਦੱਬੇ-ਕੁਚਲੇ ਮਿਹਨਤਕਸ਼ ਲੋਕਾਂ ਨੂੰ ਹੱਕਾਂ-ਹਿੱਤਾਂ ਲਈ ਜਗਾਉਣ ਲਈ ਜ਼ਿੰਦਗੀ ਲਗਾਉਣ ਦਾ ਕਠੋਰ ਰਾਹ ਅਖਤਿਆਰ ਕੀਤਾ।

ਦਿੱਲੀ ਦੇ ਨਜ਼ਦੀਕ ਗਾਜ਼ੀਆਬਾਦ ਇੰਡਸਟਰੀਅਲ ਇਲਾਕੇ ਦੇ ਪਿੰਡ ਝੰਡਾਪੁਰ ਵਿੱਚ 1/2 ਜਨਵਰੀ ਦੀ ਸਾਂਝੀ ਰਾਤ 1989 ਨੂੰ ਉਸ ਸਮੇਂ ਦੇ ਕਾਂਗਰਸੀ ਸਮਰਥਕ ਉਮੀਦਵਾਰ ਅਤੇ ਉਨ੍ਹਾਂ ਦੇ ਗੁੰਡਿਆਂ ਵੱਲੋਂ ਸਾਥੀ ਹਾਸ਼ਮੀ ਨੂੰ ਸ਼ਹੀਦ ਕਰ ਦਿੱਤਾ, ਜਦੋਂ ਉਹ ਆਪਣੀ ਟੀਮ ਸਮੇਤ 20 ਮਿੰਟ ਦਾ ਇਨਕਲਾਬੀ ਨਾਟਕ "ਹੱਲਾ ਬੋਲ" ਖੇਡ ਰਹੇ ਸਨ। ਇਸ ਸਾਹਿਬਾਬਾਦ ਇਲਾਕੇ ਵਿੱਚ ਇਹ ਨਾਟਕ ਇਸ ਤੋਂ ਪਹਿਲਾਂ ਵੀ ਅੱਠ ਵਾਰ ਖੇਡਿਆ ਗਿਆ ਸੀ। ਕਿਰਤੀਆਂ ਦੇ ਜ਼ਬਰਦਸਤ ਇਕੱਠ ਤੇ ਮਜ਼ਬੂਤ ਹੋ ਰਹੀ ਏਕਤਾ ਨੂੰ ਦੇਖ ਕੇ ਵਿਰੋਧੀ ਉਮੀਦਵਾਰ ਦੀ ਰਾਤਾਂ ਦੀ ਨੀਂਦ ਹਰਾਮ ਹੋ ਚੁੱਕੀ ਸੀ, ਇਸੇ ਕਰਕੇ ਪੁਲਸ, ਫੈਕਟਰੀ ਮਾਲਕ ਅਤੇ ਗੁੰਡਾ ਅਨਸਰਾਂ ਦੇ ਗੱਠਜੋੜ ਵੱਲੋਂ ਸਫਦਰ ਹਾਸ਼ਮੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ, ਪਰ ਉਹ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਲੋਕ ਲਹਿਰ ਨੂੰ ਮਜ਼ਬੂਤ ਕਰਨ ਅਤੇ ਕਾਮਿਆਂ ਦੇ ਸੁਨਹਿਰੀ ਭਵਿੱਖ ਵਾਸਤੇ ਡਟ ਕੇ ਪਹਿਰਾ ਦਿੰਦੇ ਆਪਣੇ ਆਖਰੀ ਸਾਹਾਂ ਤੱਕ ਦਿੰਦੇ ਹੋਏ ਸ਼ਹੀਦੀ ਜਾਮ ਪੀ ਗਏ। ਉਕਤ ਘਟਨਾ ਵੇਲੇ ਜਦੋਂ ਉੱਥੇ ਸਾਥੀਆਂ ਵੱਲੋਂ "ਹੱਲਾ ਬੋਲ" ਨਾਟਕ ਖੇਡਿਆ ਜਾ ਰਿਹਾ ਸੀ ਤਾਂ ਸੱਤਾ ਦੀ ਸ਼ਹਿ ਦੇ ਨਸ਼ੇ ਵਿੱਚ ਚੂਰ ਗੁੰਡਿਆਂ ਨੇ ਇਕੱਤਰ ਮਜ਼ਦੂਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਤਾਂ ਸਫਦਰ ਹਾਸ਼ਮੀ ਤੇ ਉਸ ਦੇ ਸਾਥੀ ਵੀ ਨਾਟਕ ਵਿਚਾਲੇ ਛੱਡ ਕੇ ਮੈਦਾਨ ਵਿੱਚ ਆ ਕੇ ਲੋਕਾਂ ਦੇ ਬਚਾਅ ਲਈ ਮਦਦ ਕਰਨ ਲੱਗ ਪਏ ਤਾਂ ਉਨ੍ਹਾਂ ਗੁੰਡਿਆਂ ਨੇ ਸਾਥੀ ਸ਼ਫਦਰ ਹਾਸ਼ਮੀ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ।

ਰੰਗਮੰਚ ਅਤੇ ਕਿਰਤੀਆਂ ਲਈ ਸਫਦਰ ਹਾਸ਼ਮੀ ਵੱਲੋਂ ਦਿੱਤੇ ਬਲੀਦਾਨ ਨੂੰ ਹਮੇਸ਼ਾ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਉਸ ਦੀ ਕੁਰਬਾਨੀ ਜਾਇਆ ਨਹੀਂ ਜਾਵੇਗੀ, ਦਾ ਪ੍ਰਣ ਲੈ ਕੇ ਸ਼ਹੀਦ ਸਾਥੀ ਦੀ ਪਤਨੀ ਕਾਮਰੇਡ ਮਾਲਾ ਸ੍ਰੀ ਹਾਸ਼ਮੀ ਅਤੇ ਭੈਣ ਸ਼ਬਨਬ ਹਾਸ਼ਮੀ ਜੋ ਕਿ ਉਸ ਵਕਤ ਨਾਟਕ ਟੀਮ ਦਾ ਹੀ ਹਿੱਸਾ ਸਨ, ਨੇ ਬਹੁਤ ਦਲੇਰੀ ਨਾਲ ਸਾਥੀ ਹਾਸ਼ਮੀ ਸ਼ਹੀਦੀ ਤੋਂ ਦੂਸਰੇ ਦਿਨ ਹੀ ਉਸੇ ਜਗ੍ਹਾ 'ਤੇ ਜਿੱਥੇ ਸ਼ਹੀਦ ਦਾ ਖੂਨ ਡੁੱਲ੍ਹਿਆ ਪਿਆ ਸੀ, ਅਧੂਰਾ ਛੱਡਿਆ ਨਾਟਕ "ਹੱਲਾ ਬੋਲ" ਖੇਡ ਕੇ ਕਾਤਲਾਂ ਨੂੰ ਵੰਗਾਰਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਕਾਮਿਆਂ ਨੂੰ ਦੇਖ ਕੇ ਗੁੰਡਿਆਂ ਦੇ ਸਿਰ ਸ਼ਰਮ ਨਾਲ ਨੀਵੇਂ ਹੋ ਗਏ। ਸ਼ਹੀਦ ਦੀ ਪਤਨੀ ਅਤੇ ਭੈਣ ਵੱਲੋਂ ਸ਼ਹੀਦ ਸੋਚ ਨੂੰ ਅੱਗੇ ਵਧਾਉਣ ਲਈ ਰੰਗਮੰਚ ਦਾ ਸੰਚਾਲਨ ਨਿਰੰਤਰ ਜਾਰੀ ਰੱਖਿਆ ਗਿਆ ਹੈ। ਸਾਥੀ ਹਾਸ਼ਮੀ ਦੇ ਕਤਲ ਉਪਰੰਤ ਮੁੰਬਈ ਦੇ ਵੱਡੀ ਗਿਣਤੀ ਫਿਲਮੀ ਸਿਤਾਰਿਆਂ ਨੇ ਸ਼ਬਾਨਾ ਆਜ਼ਮੀ, ਜਾਵੇਦ ਅਖਤਰ, ਕਬੀਰ ਬੇਦੀ, ਨਸ਼ੀਰੂਦੀਨ ਸ਼ਾਹ ਆਦਿ ਦੀ ਅਗਵਾਈ ਹੇਠ ਮੌਕੇ ਦੇ ਸੂਚਨਾ ਪ੍ਰਸਾਰਣ ਮੰਤਰੀ ਅਤੇ ਕੇਂਦਰੀ ਸਰਕਾਰ ਦਾ ਡਟ ਕੇ ਵਿਰੋਧ ਕੀਤਾ ਅਤੇ ਸ਼ਹੀਦ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ। ਦਿੱਲੀ ਵਰਗੇ ਮਹਾਂਨਗਰ ਵਿੱਚ ਨੁੱਕੜ ਨਾਟਕਾਂ ਦੀ ਸ਼ੁਰੂਆਤ ਸ਼ਹੀਦ ਸਫਦਰ ਹਾਸ਼ਮੀ ਵੱਲੋਂ ਹੀ ਕੀਤੀ ਗਈ ਸੀ, ਉਨ੍ਹਾਂ ਦੀ ਨਿਰਦੇਸ਼ਨਾ ਹੇਠ ਪ੍ਰਬੰਧ ਦੀ ਤ੍ਰਾਸਦੀ ਪੇਸ਼ ਕਰਦੇ ਇਨਕਲਾਬੀ ਨਾਟਕ ਮਸ਼ੀਨ, ਔਰਤ, ਪਿੰਡਾਂ ਤੋਂ ਸ਼ਹਿਰ ਤੱਕ, ਰਾਜੇ ਕਾ ਬਾਜਾ, ਹੱਤਿਆਰਾ ਆਦਿ ਨਾਟਕਾਂ ਨੂੰ ਅਨੇਕਾਂ ਵਾਰ ਖੇਡਿਆ ਗਿਆ। ਦਿੱਲੀ ਦੂਰਦਰਸ਼ਨ ਕੇਂਦਰ ਉੱਤੇ ਪੇਸ਼ ਕੀਤੀਆਂ ਹਿੰਦੀ ਲੜੀਵਾਰ "ਖਿਲਤੀ ਕਲੀਆਂ" ਅਤੇ ਗੀਤ, ਕਵਿਤਾਵਾਂ ਵਿੱਚੋਂ "ਪੜ੍ਹਨਾ ਲਿਖਨਾ ਸੀਖੋ ਐ ਮਿਹਨਤ ਕਰਨੇ ਵਾਲੋ" ਅੱਜ ਵੀ ਕਿਰਤੀਆਂ ਦੀਆਂ ਸਟੇਜਾਂ 'ਤੇ ਪ੍ਰਚਲਿੱਤ ਹਨ। ਸਫਦਰ ਨੇ ਕਈ ਡਾਕੂਮੈਂਟਰੀ ਫਿਲਮਾਂ ਵੀ ਸਮਾਜ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਪੇਸ਼ ਕੀਤੀਆਂ।

ਸ਼ਹੀਦ ਸਫਦਰ ਹਾਸ਼ਮੀ ਵੱਲੋਂ ਨਾਟਕਾਂ ਰਾਹੀਂ ਦਿੱਤਾ ਹੋਕਾ "ਹੱਲਾ ਬੋਲ" ਦਾ ਇਨਕਲਾਬੀ ਨਾਹਰਾ ਜਦੋਂ ਵੀ ਸਮੇਂ-ਸਮੇਂ ਚੱਲਣ ਵਾਲੇ ਅੰਦੋਲਨਾਂ ਦੌਰਾਨ ਲਾਇਆ ਜਾਂਦਾ ਹੈ ਤਾਂ ਹਰ ਕਿਰਤੀ ਵਿੱਚੋਂ ਸਫਦਰ ਹਾਸ਼ਮੀ ਦਾ ਚਿਹਰਾ ਨਜ਼ਰ ਆਉਂਦਾ ਹੈ। ਅੱਜ ਦੇ ਇਸ ਕਠਿਨ ਦੌਰ ਵਿੱਚ ਸ਼ਹੀਦ ਸਫਦਰ ਹਾਸ਼ਮੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਉਸ ਮਹਾਨ ਸ਼ਹੀਦ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰਦਿਆਂ ਹੋਇਆਂ ਫਿਰਕਾਪ੍ਰਸਤੀ, ਗੁੰਡਾਗਰਦੀ, ਪੂੰਜੀਵਾਦੀ ਲੁੱਟ-ਖਸੁੱਟ ਦੇ ਖਿਲਾਫ ਜੰਗ ਲੜਨ ਅਤੇ ਕਿਰਤੀਆਂ ਦੇ ਕਲਿਆਣ ਵਾਲੇ ਸਮਾਜਵਾਦ ਦੀ ਸਥਾਪਨਾ ਲਈ ਪਹਿਲ-ਕਦਮੀ ਕੀਤੀ ਜਾਵੇ।

ਸੰਪਰਕ : 0039 3203459870

ਵੱਖ-ਵੱਖ ਹਾਲਾਤ 'ਚ ਰਹਿ ਕੇ ਕਰਵਾਈ ਦੱਬ ਕੇ ਪੜ੍ਹਾਈ

ਜਸਪਾਲ ਸਿੰਘ ਲੋਹਾਮ

ਅਧਿਆਪਕ-ਵਿਦਿਆਰਥੀ ਦਾ ਮਹੱਤਵਪੂਰਨ ਰਿਸ਼ਤਾ ਹੁੰਦਾ ਹੈ। ਵਿਦਿਆਰਥੀਆਂ ਦੇ ਨਾਲ ਹੀ ਸਕੂਲ ਹੁੰਦਾ ਹੈ। ਸਕੂਲੀ ਸਿੱਖਿਆ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਤੇ ਕੇਂਦਰ ਬਿੰਦੂ ਹੁੰਦੀ ਹੈ। ਅਧਿਆਪਕ ਇੱਕ ਮੋਮਬੱਤੀ ਦੀ ਤਰ੍ਹਾਂ ਹੈ, ਜਿਹੜੀ ਖੁਦ ਬਲਦੀ ਹੈ ਤੇ ਦੂਸਰਿਆਂ ਨੂੰ ਰੌਸ਼ਨੀ ਦਿੰਦੀ ਹੈ। ਹਰ ਵੇਲੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਨਾ, ਲਗਾਤਾਰ ਪੜ੍ਹਾਈ ਜਾਣਾ ਅਤੇ ਚੰਗੇ ਕਾਰਜ ਕਰਨ ਲਈ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਅਧਿਆਪਕ ਦੇ ਹਿੱਸੇ ਆਉਂਦਾ ਹੈ। ਅਧਿਆਪਕ ਦੇ ਦੱਸੇ ਮਾਰਗ 'ਤੇ ਕੁੱਝ ਬੱਚੇ ਵੀ ਚੱਲ ਪੈਣ ਤਾਂ ਅਧਿਆਪਕ ਦਾ ਸਕੂਲੀ ਸਫ਼ਰ ਸਫਲ ਗਿਣਿਆ ਜਾਂਦਾ ਹੈ। ਮੈਂ ਪ੍ਰਿੰਸੀਪਲ ਸੇਵਾਮੁਕਤ ਹੋਇਆ ਹਾਂ, ਪਰ ਜਦੋਂ ਮੈਂ ਸਾਇੰਸ ਮਾਸਟਰ ਸੀ ਤਾਂ ਲਿਖਤੀ ਪੜ੍ਹਾਈ ਦੇ ਨਾਲ-ਨਾਲ ਪ੍ਰਯੋਗੀ ਪੜ੍ਹਾਈ ਵੀ ਬਰਾਬਰ ਕਰਵਾਉਂਦਾ ਸੀ। ਸਾਇੰਸ ਲੈਬ ਵਿਚ ਵਧੇਰੇ ਬੱਚਿਆਂ ਨੂੰ ਲਿਜਾਂਦਾ ਸੀ। ਪ੍ਰਯੋਗ ਪਹਿਲਾਂ ਆਪ ਖੁਦ ਕਰਕੇ ਦਿਖਾਉਂਦਾ ਸੀ, ਫਿਰ ਬੱਚਿਆਂ ਕੋਲੋਂ ਕਰਵਾਉਂਦਾ ਸੀ। ਇਹ ਮੇਰੀ ਆਪਣੀ ਸੋਚ ਸੀ। ਜਦੋਂ ਬੱਚੇ ਪ੍ਰਯੋਗਸ਼ਾਲਾ ਵਿਚ ਹੁੰਦੇ ਸੀ ਤਾਂ ਬੱਚਿਆਂ ਨੂੰ ਲੈਬ ਵਿਚ ਸ਼ੈਲਫਾਂ 'ਤੇ ਪਏ ਸਾਮਾਨ ਨੂੰ ਦਿਖਾਇਆ ਜਾਂਦਾ ਸੀ। ਅਲਮਾਰੀਆਂ ਵਿਚ ਕਿਹੜਾ ਕਿਹੜਾ ਸਾਮਾਨ ਪਿਆ ਹੈ,

2-JAN-PAGE-5.qxd 1/1/2024 9:59 PM Page 1

ਖੱਬੀਆਂ, ਇਨਕਲਾਬੀ ਪਾਰਟੀਆਂ ਤੇ ਸੰਗਠਨਾਂ ਵੱਲੋਂ ਇਜ਼ਰਾਈਲ ਖਿਲਾਫ਼ ਰੈਲੀਆਂ ਤੇ ਮੁਜ਼ਾਹਰੇ

ਬਠਿੰਡਾ

ਸੰਗਰੂਰ

ਮਾਨਸਾ

ਮੋਗਾ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਇਜ਼ਰਾਈਲ ਵੱਲੋਂ ਅਮਰੀਕਾ ਤੇ ਪੱਛਮ ਦੇ ਸਾਮਰਾਜੀ ਮੁਲਕਾਂ ਦੀ ਸ਼ਹਿ ਨਾਲ ਫ਼ਲਸਤੀਨੀਆਂ ਖਿਲਾਫ਼ ਵਿੱਢੀ ਹੋਈ ਨਿਹੱਕੀ ਤੇ ਅਸਾਵੀਂ ਜੰਗ ਫੌਰੀ ਬੰਦ ਕੀਤੇ ਜਾਣ ਦੀ ਆਵਾਜ਼ ਬੁਲੰਦ ਕਰਨ ਲਈ ਅੱਜ ਪੰਜਾਬ ਦੀਆਂ ਸੱਤ ਖੱਬੀਆਂ, ਇਨਕਲਾਬੀ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਸਥਾਨਕ ਡੀ ਸੀ ਦਫਤਰ ਮੂਹਰੇ ਰੋਸ ਰੈਲੀ ਕਰਨ ਉਪਰੰਤ ਫੌਜੀ ਚੌਕ ਤੱਕ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ। ਰੈਲੀ ਦੀ ਪ੍ਰਧਾਨਗੀ ਮਨਦੀਪ ਸਿੰਘ ਸਰਦਾਰਗੜ੍ਹ, ਪ੍ਰਕਾਸ਼ ਸਿੰਘ ਨੰਦਗੜ੍ਹ, ਜਗਜੀਤ ਸਿੰਘ ਲਹਿਰਾ, ਸਵਰਨ ਸਿੰਘ ਪੂਹਲੀ ਤੇ ਸ੍ਰਿਸ਼ਟੀ ਨੇ ਕੀਤੀ।

ਰੈਲੀ ਨੂੰ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਬਲਕਰਨ ਬਰਾੜ, ਆਰ.ਐੱਮ.ਪੀ.ਆਈ. ਦੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਮੁਖਤਿਆਰ ਸਿੰਘ ਪੂਹਲਾ, ਪੀ ਐੱਸ ਯੂ ਦੇ ਆਗੂ ਰਜਿੰਦਰ ਸਿੰਘ, ਅਦਾਰਾ ਲਲਕਾਰ ਦੀ ਆਗੂ ਪਰਮਿੰਦਰ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਇਜ਼ਰਾਈਲ ਵੱਲੋਂ ਗਾਜ਼ਾ ਦੇ ਹਸਪਤਾਲਾਂ, ਸਕੂਲਾਂ, ਰਾਹਤ ਕੈਂਪਾਂ ਤੇ ਰਿਹਾਇਸ਼ੀ ਬਸਤੀਆਂ 'ਤੇ ਕੀਤੀ ਜਾ ਰਹੀ ਭਿਆਨਕ ਬੰਬਾਰੀ ਤੇ ਘਾਤਕ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਦੀ ਅਣਮਨੁੱਖੀ ਪਹੁੰਚ ਦੀ ਜ਼ੋਰਦਾਰ ਨਿਖੇਧੀ ਕੀਤੀ। ਉਨ੍ਹਾਂ ਅਮਨ ਕਾਇਮੀ ਦੇ ਯਤਨਾਂ ਵਿੱਚ ਅੜਿੱਕੇ ਡਾਹ ਰਹੇ ਅਮਰੀਕਾ ਤੇ ਉਸ ਦੇ ਨਾਪਾਕ ਗੱਠਜੋੜ ਦੀ ਡੱਟਵੀਂ ਨਿੰਦਾ ਕੀਤੀ।ਆਗੂਆਂ ਨੇ ਫਿਰਕੂ ਨਜ਼ਰੀਏ ਤੋਂ ਇਜ਼ਰਾਈਲ ਦਾ ਪੱਖ ਪੂਰਦਿਆਂ ਫ਼ਲਸਤੀਨੀਆਂ ਦੀ ਆਪਣੀ ਆਜ਼ਾਦੀ ਲਈ ਹੱਕੀ ਜੱਦੋ-ਜਹਿਦ ਦਾ ਵਿਰੋਧ ਕਰਨ ਵਾਲੀ ਮੋਦੀ-ਸ਼ਾਹ ਸਰਕਾਰ ਨੂੰ ਵੀ ਕਰੜੇ ਹੱਥੀਂ ਲਿਆ। ਮੁਜ਼ਾਹਰਾਕਾਰੀ ਹੱਥਾਂ ਵਿੱਚ ਫੜੀਆਂ ਫਲੈਕਸਾਂ ਤੇ ਤਖ਼ਤੀਆਂ ਰਾਹੀਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਤੇ ਉਨ੍ਹਾਂ ਨੂੰ ਦੇਸ਼ ਬਦਰ ਕਰਨ ਲਈ ਛੇੜੀ ਗਈ ਜੰਗ ਤੁਰੰਤ ਰੋਕੇ ਜਾਣ, ਇਜ਼ਰਾਈਲ ਵੱਲੋਂ ਕਬਜ਼ਾਈ ਗਈ ਫ਼ਲਸਤੀਨੀ ਭੂਮੀ ਖਾਲੀ ਕਰਨ ਤੇ ਫ਼ਲਸਤੀਨ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦਿੱਤੇ ਜਾਣ, ਹਜ਼ਾਰਾਂ ਮਾਸੂਮ ਨਾਗਰਿਕਾਂ, ਜਿਨ੍ਹਾਂ ਵਿੱਚ ਬਹੁ-ਗਿਣਤੀ ਬੱਚੇ ਤੇ ਔਰਤਾਂ ਹਨ, ਦੇ ਵਹਿਸ਼ੀ ਕਤਲਾਂ ਲਈ ਜ਼ਿੰਮੇਵਾਰ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਉਸ ਦੇ ਸਾਮਰਾਜੀ ਜੁੰਡੀਦਾਰਾਂ ਨੂੰ ਜੰਗੀ ਅਪਰਾਧੀ ਐਲਾਨ ਕੇ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰ ਰਹੇ ਸਨ।

ਸੰਗਰੂਰ (ਪ੍ਰਵੀਨ ਸਿੰਘ) : ਇਜ਼ਰਾਈਲ ਵੱਲੋਂ ਫ਼ਲਸਤੀਨ ਉੱਪਰ ਵਿੱਢੇ ਗੈਰ-ਮਨੁੱਖੀ ਤੇ ਨਸਲਘਾਤੀ ਹਮਲੇ ਖਿਲਾਫ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਇਸ ਵਿਰੋਧ ਪ੍ਰਦਰਸ਼ਨ ਵਿੱਚ ਐੱਮ ਸੀ ਪੀ ਆਈ ਯੂ, ਆਰ ਐੱਮ ਪੀ ਆਈ, ਸੀ ਪੀ ਆਈ, ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ, ਪੰਜਾਬ ਜਮਹੂਰੀ ਮੋਰਚਾ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂਆਂ ਤੇ ਕਾਰਕੁਨਾਂ ਨੇ ਹਿੱਸਾ ਲਿਆ।ਕਿਰਨਜੀਤ ਸੇਖੋਂ, ਸੁਖਦੇਵ ਸ਼ਰਮਾ, ਸਵਰਨਜੀਤ ਸਿੰਘ, ਊਧਮ ਸਿੰਘ ਸੰਤੋਖਪੁਰਾ, ਮੁਕੇਸ਼ ਮਲੌਦ ਤੇ ਗੋਬਿੰਦ ਸਿੰਘ ਛਾਜਲੀ ਦੀ ਅਗਵਾਈ ਹੇਠ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿੱਚ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਗਿਆ।ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਇਜ਼ਰਾਈਲ ਵੱਲੋਂ ਹਮਾਸ ਉਪਰ ਹਮਲੇ ਦੇ ਪਰਦੇ ਹੇਠ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਰੈਲੀ ਨੂੰ ਫਰੰਟ ਦੇ ਆਗੂਆਂ ਊਧਮ ਸਿੰਘ ਸੰਤੋਖਪੁਰਾ, ਸਵਰਨਜੀਤ ਸਿੰਘ, ਨਿਰਮਲ ਸਿੰਘ ਬਟਰਿਆਣਾ, ਮੁਕੇਸ਼ ਮਲੌਦ, ਕਿਰਨਜੀਤ ਸੇਖੋਂ ਤੇ ਇਨਕਲਾਬੀ ਜਮਹੂਰੀ ਮੋਰਚੇ ਵੱਲੋਂ ਬਲਜੀਤ ਸਿੰਘ ਨਮੋਲ ਨੇ ਸੰਬੋਧਨ ਕੀਤਾ।ਮੰਚ ਸੰਚਾਲਨ ਸੁਖਦੇਵ ਸ਼ਰਮਾ ਵੱਲੋਂ ਕੀਤਾ ਗਿਆ।ਇਸ ਤੋਂ ਇਲਾਵਾ ਪ੍ਰਦਰਸ਼ਨ ਵਿੱਚ ਸੀਤਾ ਰਾਮ ਸ਼ਰਮਾ, ਮੰਗਤ ਰਾਮ ਲੌਂਗੋਵਾਲ, ਭੁਪਿੰਦਰ ਸਿੰਘ ਲੌਂਗੋਵਾਲ, ਹਰਜੀਤ ਸਿੰਘ ਬਾਲੀਆਂ, ਮਾਸਟਰ ਸਰਬਜੀਤ ਸਿੰਘ ਸਮੇਤ ਵੱਖ ਵੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ।

ਮੋਗਾ (ਅਮਰਜੀਤ ਬੱਬਰੀ) : ਇਜ਼ਰਾਈਲ ਵੱਲੋਂ ਫਲਸਤੀਨ ਦੇ ਲੋਕਾਂ ਦੀ ਕੀਤੀ ਜਾ ਰਹੀ ਕਤਲੋਗਾਰਤ ਖ਼ਿਲਾਫ਼ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਦੇ ਸੱਦੇ 'ਤੇ ਮੋਗਾ ਵਿਖੇ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ। ਇਸ ਫਰੰਟ ਵਿੱਚ ਸ਼ਾਮਲ ਪਾਰਟੀਆਂ ਵੱਲੋਂ ਕੁਲਦੀਪ ਸਿੰਘ ਭੋਲਾ ਸੀ ਪੀ ਆਈ, ਮੰਗਾ ਸਿੰਘ ਵੈਰੋਕੇ ਸੀ ਪੀ ਆਈ (ਨਿਊ ਡੈਮੋਕਰੇਸੀ) ਤੇ ਹਰਮਨਦੀਪ ਹਿੰਮਤਪੁਰਾ ਸੀ ਪੀ ਆਈ (ਲਿਬਰੇਸ਼ਨ) ਨੇ ਇਸ ਮੁਜ਼ਾਹਰੇ ਦੀ ਅਗਵਾਈ ਕੀਤੀ।ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਸੀ ਪੀ ਆਈ ਦੇ ਸੁਖਜਿੰਦਰ ਸਿੰਘ ਮਹੇਸ਼ਰੀ, ਨਿਰਭੈ ਸਿੰਘ ਢੁੱਡੀਕੇ ਕਿਰਤੀ ਕਿਸਾਨ ਯੂਨੀਅਨ ਤੇ ਨਵਜੋਤ ਸਿੰਘ ਜੋਗੇਵਾਲਾ ਸੀ ਪੀ ਆਈ (ਲਿਬਰੇਸ਼ਨ) ਨੇ ਕਿਹਾ ਕਿ ਪਿਛਲੇ ਢਾਈ ਮਹੀਨਿਆਂ ਤੋਂ ਇਜ਼ਰਾਈਲ ਵੱਲੋਂ ਫਲਸਤੀਨ ਨੂੰ ਕਬਰਸਤਾਨ ਵਿੱਚ ਬਦਲਣ ਲਈ ਅਮਰੀਕਾ ਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੀ ਸ਼ਹਿ ਪ੍ਰਾਪਤ ਕਰਕੇ ਉਨ੍ਹਾਂ ਦੇ ਆਪਣੇ ਦੇਸ਼ ਵਿਚੋਂ ਹੀ ਸਫ਼ਾਇਆ ਕਰਨ ਲਈ ਹਮਲੇ ਕੀਤੇ ਜਾ ਰਹੇ ਹਨ। ਗਾਜਾ ਵਿਚ 21000 ਤੋਂ ਵੱਧ ਲੋਕ ਇਹਨਾਂ ਹਮਲਿਆਂ ਵਿੱਚ ਮਾਰੇ ਗਏ ਹਨ ਅਤੇ 55000 ਤੋਂ ਵਧੇਰੇ ਫ਼ੱਟੜ ਹੋ ਚੁੱਕੇ ਹਨ। ਮਿਰਤਕਾਂ ਵਿਚ 70% ਤੋਂ ਵਧੇਰੇ ਔਰਤਾਂ ਤੇ ਬੱਚੇ ਹਨ। ਗਾਜਾ ਵਿਚ ਇਸ ਸਮੇਂ ਘੋਰ ਮਨੁੱਖੀ ਸੰਕਟ ਪੈਦਾ ਹੋ ਚੁੱਕਾ ਹੈ । ਭਿਆਨਕ ਬਿਮਾਰੀਆਂ ਤੇ ਭੁੱਖਮਰੀ ਫੈਲੀ ਹੋਈ ਹੈ। ਇਸ ਸਾਰੇ ਕਾਸੇ ਲਈ ਜ਼ਿੰਮੇਵਾਰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਣਾ ਚਾਹੀਦਾ ਹੈ। ਆਗੂਆਂ ਨੇ ਮੰਗ ਕੀਤੀ ਕਿ ਫਲਸਤੀਨ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹੱਕ ਮਿਲਣ, ਉਨ੍ਹਾਂ ਦੇ ਦੇਸ਼ ਚੋਂ ਕਬਜ਼ਾ ਛੱਡਿਆ ਜਾਵੇ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਬੂਟਾ ਸਿੰਘ ਤਖਾਣਬੱਧ ਨੇ ਨਿਭਾਈ ਤੇ ਅੰਤ ਵਿੱਚ ਕਾਮਰੇਡ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਆਏ ਹੋਏ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ।

ਮਾਨਸਾ (ਆਤਮਾ ਸਿੰਘ ਪਮਾਰ) : ਸੀਪੀਆਈ (ਐਮ ਐਲ) ਲਿਬਰੇਸ਼ਨ, ਸੀਪੀਆਈ, ਆਰਐਮਪੀਆਈ, ਇਨਕਲਾਬੀ ਕੇਂਦਰ ਪੰਜਾਬ , ਪੰਜਾਬ ਜਮਹੂਰੀ ਮੋਰਚਾ, ਨਿਊ ਡੈਮੋਕਰੇਸੀ, ਯੂਸੀਪੀਆਈ ਤੇ ਮੁਕਤੀ ਸੰਗਰਾਮ ਮਜ਼ਦੂਰ ਮੋਰਚਾ ਦੇ ਸੂਬਾਈ ਸੱਦੇ 'ਤੇ ਸੈਂਕੜੇ ਮਜ਼ਦੂਰਾਂ, ਕਿਸਾਨਾਂ, ਔਰਤਾਂ ਤੇ ਨੌਜਵਾਨਾਂ ਵੱਲੋਂ ਸ਼ਹਿਰ ਵਿੱਚ ਜੋਸ਼ੀਲਾ ਰੋਸ ਮੁਜ਼ਾਹਰਾ ਕੀਤਾ। ਵਿਖਾਵਾਕਾਰੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿਖੇ ਇਕੱਤਰ ਹੋਏ ਤੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਦੀ ਨਾਹਰੇ ਮਾਰਦੇ ਹੋਏ ਗੁਰਦੁਆਰਾ ਚੌਕ ਪਹੁੰਚੇ। ਇਥੇ ਹੋਈ ਰੈਲੀ ਨੂੰ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਸੀਨੀਅਰ ਆਗੂ ਸੁਖਦਰਸ਼ਨ ਸਿੰਘ ਨੱਤ, ਸੀਪੀਆਈ ਆਗੂ ਕ੍ਰਿਸ਼ਨ ਚੌਹਾਨ, ਆਰ ਐਮ ਪੀ ਆਈ ਆਗੂ ਲਾਲ ਚੰਦ ਸਰਦੂਲਗੜ੍ਹ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਪੰਜਾਬ ਜਮਹੂਰੀ ਮੋਰਚੇ ਦੇ ਆਗੂ ਭਜਨ ਸਿੰਘ ਘੁੰਮਣ ਨੇ ਸੰਬੋਧਨ ਕੀਤਾ। ਸਟੇਜ ਸੰਚਾਲਨ ਬਲਵਿੰਦਰ ਘਰਾਂਗਣਾਂ ਨੇ ਕੀਤਾ ਤੇ ਲੋਕ ਗਾਇਕਾਂ ਅਜਮੇਰ ਅਕਲੀਆ, ਮੇਲਾ ਸਿੰਘ ਫਫੜੇ ਤੇ ਗੋਗੀ ਸੱਦਾ ਸਿੰਘ ਵਾਲਾ ਨੇ ਇਨਕਲਾਬੀ ਗੀਤ ਸਾਂਝੇ ਕੀਤੇ। ਰੈਲੀ ਨੂੰ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਸੁਰਿੰਦਰ ਪਾਲ ਸ਼ਰਮਾ, ਅਮਰੀਕ ਸਿੰਘ ਫਫੜੇ, ਬੰਸੀ ਲਾਲ, ਗਗਨਦੀਪ ਸਿਰਸੀਵਾਲਾ, ਦਲਜੀਤ ਮਾਨਸ਼ਾਹੀਆ, ਰਤਨ ਭੋਲਾ, ਮਨਿੰਦਰ ਜਵਾਹਰਕੇ, ਮਨਦੀਪ ਸਰਦੂਲਗੜ੍ਹ, ਭੀਮ ਸਿੰਘ ਮੰਡੇਰ, ਗੋਰਾ ਲਾਲ ਅਤਲਾ ਨੇ ਵੀ ਸੰਬੋਧਨ ਕੀਤਾ।ਇੱਕਠ ਵਲੋਂ ਪਾਸ ਕੀਤੇ ਮਤੇ ਵਿੱਚ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਸੰਸਾਰ ਦੀ ਲੋਕ ਰਾਏ ਨੂੰ ਦਰਕਿਨਾਰ ਕਰਕੇ ਗਾਜ਼ਾ ਉੱਤੇ ਅੰਨ੍ਹੇਵਾਹ ਬੰਬਾਰੀ ਜਾਰੀ ਰੱਖ ਰਹੀ ਇਸਰਾਈਲੀ ਸਰਕਾਰ ਦਾ ਮੁਕੰਮਲ ਵਪਾਰਕ ਤੇ ਕੂਟਨੀਤਕ ਬਾਈਕਾਟ ਕੀਤਾ ਜਾਵੇ।

ਫਰੀਦਕੋਟ (ਐਲਿਗਜੈਂਡਰ ਡਿਸੂਜਾ) : ਪੰਜਾਬ ਦੀਆਂ 7 ਖੱਬੀਆਂ ਤੇ ਇਨਕਲਾਬੀ ਪਾਰਟੀਆਂ ਤੇ ਅਧਾਰਿਤ ਫਾਸ਼ੀਵਾਦ ਵਿਰੋਧੀ ਮੋਰਚੇ ਦੇ ਸੱਦੇ 'ਤੇ ਅੱਜ ਨਵੇਂ ਸਾਲ ਦੇ ਪਹਿਲੇ ਦਿਨ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਫਲਸਤੀਨ ਦੇ ਲੋਕਾਂ ਦੇ ਹੱਕ ਵਿੱਚ ਰੈਲੀ ਕੀਤੀ ਗਈ। ਰੈਲੀ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ, ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ, ਲਿਬਰੇਸ਼ਨ ਦੇ ਸਤਨਾਮ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਪ੍ਰਦੀਪ ਬਰਾੜ, ਨੌਜਵਾਨ ਭਾਰਤ ਸਭਾ ਦੇ ਨੌਨਿਹਾਲ ਸਿੰਘ ਨੇ ਸੰਬੋਧਨ ਕਰਦੇ ਹੋਏ ਗਾਜਾ ਪੱਟੀ ਤੇ ਵੈਸਟ ਬੈਂਕ ਵਿੱਚ ਤੁਰੰਤ ਜੰਗਬੰਦੀ ਲਾਗੂ ਕਰਨ ਦੀ ਮੰਗ ਕੀਤੀ।ਬੁਲਾਰਿਆਂ ਨੇ ਭਾਰਤ ਸਰਕਾਰ ਤੋਂ ਵੀ ਮੰਗ ਕੀਤੀ ਕਿ ਫਲਸਤੀਨੀ ਲੋਕਾਂ ਦੇ ਹੱਕ ਵਿੱਚ ਤੁਰੰਤ ਜੰਗਬੰਦੀ ਲਾਗੂ ਕਰਵਾਉਣ ਲਈ ਸਪੱਸ਼ਟ ਸਟੈਂਡ ਲਵੇ।ਰੈਲੀ ਦੇ ਬਾਅਦ ਸ਼ਹਿਰ ਵਿੱਚ ਮੁਜ਼ਾਹਰਾ ਵੀ ਕੀਤਾ ਗਿਆ, ਜੋ ਮਾਲ ਰੋਡ ਤੋਂ ਹੁੰਦਾ ਹੋਇਆ ਹੁੱਕੀ ਚੌਕ ਤੋਂ ਵਾਪਸ ਘੰਟਾਘਰ ਚੌਕ ਆਇਆ।ਇਸ ਮੌਕੇ ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ, ਮੁਲਾਜ਼ਮ ਆਗੂ ਪ੍ਰੇਮ ਚਾਵਲਾ, ਵਿਦਿਆਰਥੀ ਆਗੂ ਹਰਵੀਰ ਕੌਰ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਗਤਾਰ ਸਿੰਘ ਭਾਣਾ ਵੀ ਹਾਜ਼ਰ ਸਨ।

ਕਾਤਰਾਂ

ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਘਰ ਤੱਕ ਪਹੁੰਚ ਕੀਤੀ ਜਾਵੇਗੀ : ਖਾਲਸਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਲੋਕ

ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਬਿਕਰਮਜੀਤ ਸਿੰਘ ਖਾਲਸਾ ਵੱਲੋਂ ਹਲਕਾ ਵਾਸੀਆਂ ਨੂੰ ਨਵੇਂ ਵਰ੍ਹੇ 2024 ਦੀ ਵਧਾਈ ਦਿੱਤੀ ਗਈ, ਉਥੇ ਹੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਹ ਸਾਲ ਸਾਰਿਆਂ ਲਈ ਖੁਸ਼ੀਆਂ ਭਰਿਆ ਹੋਵੇ।ਉਨ੍ਹਾਂ ਅੱਗੇ ਕਿਹਾ ਕਿ 2024 ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਹਰ ਘਰ ਤੱਕ ਪਹੁੰਚ ਕਰਾਂਗੇ ਉਥੇ ਹੀ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਵੀ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਤੋਂ ਪੰਜਾਬ ਵਾਸੀਆਂ ਦਾ ਕੁਝ ਮਹੀਨਿਆਂ ਬਾਅਦ ਹੀ ਮੋਹ ਭੰਗ ਹੋ ਚੁੱਕਾ ਹੈ, ਕਿਉਂਕਿ ਆਮ ਆਦਮੀ ਪਾਰਟੀ ਨੇ ਜਿਹੜੇ ਵਾਅਦੇ ਸੱਤਾ ਹਾਸਲ ਕਰਦਿਆਂ ਪੂਰੇ ਕਰਨ ਦੇ ਵਾਅਦੇ ਕੀਤੇ ਸਨ, ਉਹ ਵਾਅਦੇ ਪੂਰੇ ਨਹੀਂ ਹੋਏ, ਜਿਸਦਾ ਜਵਾਬ ਪੰਜਾਬ ਵਾਸੀ ਹੁਣ 2024 ਦੀਆਂ ਲੋਕ ਸਭਾ ਚੋਣਾਂ ਵਿੱਚ 'ਆਪ' ਦੇ ਉਮੀਦਵਾਰਾਂ ਨੂੰ ਜ਼ਰੂਰ ਦੇਣਗੇ।

ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਤੇ ਇਸਤਰੀ ਅਕਾਲੀ ਦਲ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਦੇ ਮੇਲੇ ਦੌਰਾਨ ਕੀਤੀਆਂ ਜਾਣ ਵਾਲੀਆਂ ਇਤਿਹਾਸਕ ਕਾਨਫਰੰਸਾਂ ਦੇ ਸੰਬੰਧ ਵਿੱਚ ਵਰਕਰ ਮੀਟਿੰਗ ਭਾਈ ਮਹਾਂ ਸਿੰਘ ਦੀਵਾਨ ਹਾਲ ਸ੍ਰੀ ਮੁਕਤਸਰ ਸਾਹਿਬ ਵਿੱਚ ਬਣੀ ਨਵੀਂ ਸਰਾਂ ਵਿਖੇ 2 ਜਨਵਰੀ ਵਾਰ ਨੂੰ ਸਵੇਰੇ 10 ਵਜੇ ਹੋ ਰਹੀ ਹੈ ।ਉਪਰੋਕਤ ਜਾਣਕਾਰੀ ਅਕਾਲੀ ਦਲ ਦੇ ਜ਼ਿਲ੍ਹਾ ਸਕੱਤਰ ਬਿੰਦਰ ਗੋਨੇਆਣਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਇਸਤਰੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਤੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਸਾਹਿਬਾਨ ਤੇ ਅਹੁਦੇਦਾਰ ਸਮੇਂ ਸਿਰ ਪੁਹੰਚਣ।

ਸੇਵਾ ਕੇਂਦਰਾਂ ਦਾ ਸਮਾਂ ਤਬਦੀਲ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਸਰਦੀ ਦੇ ਮੌਸਮ ਤੇ ਧੁੰਦ ਦੇ

2-JAN-PAGE-6-2024-G.qxd 1/1/2024 10:49 PM Page 1

ਫਲਿਸਤੀਨੀ ਲੋਕਾਂ ਦੇ ਕਤਲੇਆਮ ਵਿਰੁੱਧ ਰੋਹ ਭਰਪੂਰ ਰੈਲੀ ਤੇ ਮੁਜ਼ਾਹਰਾ

ਬਹਿਰਾਮ, ਨਵਾਂ ਸ਼ਹਿਰ (ਅਵਤਾਰ ਕਲੇਰ. ਕੁਲਵਿੰਦਰ ਸਿੰਘ ਦੁਰਗਾਪੁਰੀਆ) ਇਜਰਾਇਲ ਵਲੋਂ ਫਲਿਸਤੀਨ ਦੇ ਲੋਕਾਂ ਦੇ ਕਤਲੇਆਮ ਖਿਲਾਫ ਜਮਹੂਰੀਅਤ ਪਸੰਦ ਸੱਤ ਖੱਬੇ ਪੱਖੀ ਪਾਰਟੀਆਂ ਦੇ ਪੰਜਾਬ ਪੱਧਰੀ ਸੱਦੇ ਤਹਿਤ ਨਵਾਂਸ਼ਹਿਰ ਦੇ ਬੱਸ ਅੱਡੇ ਵਿਖੇ ਰੈਲੀ ਕੀਤੀ ਗਈ। ਇਸ ਦੀ ਪ੍ਰਧਾਨਗੀ ਸੀ ਪੀ ਆਈ ਦੇ ਸਕੱਤਰ ਕਾਮਰੇਡ ਮੁਕੰਦ ਲਾਲ,ਸੀ ਪੀ ਆਈ ਐੱਮ ਐਲ (ਐਨ ਡੀ) ਵਲੋਂ ਐਡਵੋਕੇਟ ਕਾਮਰੇਡ ਦਲਜੀਤ ਸਿੰਘ ਅਤੇ ਆਰ ਐਮ ਪੀ ਆਈ ਵਲੋਂ ਕਾਮਰੇਡ ਸਤਨਾਮ ਸਿੰਘ ਗੁਲਾਟੀ ਅਤੇ ਹੁਸਨ ਮਾਂਗਟ ਨੇ ਕੀਤੀ। ਇਸ ਵਿਚ ਸੀ ਪੀ ਆਈ ਦੇ ਕਾਮਰੇਡ ਮੁਕੰਦ ਲਾਲ, ਕਾਮਰੇਡ ਪਰਵਿੰਦਰ ਕੁਮਾਰ ਮੇਨਕਾ,ਸੀ ਪੀ ਐਮ ਐਲ(ਐਨ ਡੀ) ਆਗੂ ਕਾਮਰੇਡ ਕੁਲਵਿੰਦਰ ਸਿੰਘ ਵੜੈਚ, ਐਡਵੋਕੇਟ ਦਲਜੀਤ ਸਿੰਘ ਅਤੇ ਆਰ ਐਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ , ਹਰਪਾਲ ਸਿੰਘ ਜਗਤਪੁਰ ਸਮੇਤ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਫਲਿਸਤੀਨੀ ਲੋਕਾਂ ਦਾ ਕਤਲੇਆਮ ਤੁਰੰਤ ਬੰਦ ਕੀਤਾ ਜਾਵੇ, ਪੂਰੇ ਫਲਿਸਤੀਨੀ ਖਿੱਤੇ ਨੂੰ ਅਜ਼ਾਦ ਕੀਤਾ ਜਾਵੇ। ਅਮਰੀਕੀ ਸਾਮਰਾਜ ਨੇ ਕੋਝੇ ਇਰਾਦਿਆਂ ਤਹਿਤ ਫਲਿਸਤੀਨੀ ਖਿੱਤੇ ਵਿੱਚ ਇਜਰਾਈਲ ਨਾਂਅ ਦਾ ਨਾਜਾਇਜ਼ ਦੇਸ਼ ਕਾਇਮ ਕਰਕੇ ਫਲਿਸਤੀਨੀ ਕੌਮ ਦਾ ਉਜਾੜਾ ਕੀਤਾ ਗਿਆ ਹੈ। ਫਲਿਸਤੀਨ ਦੀ ਮੁਕੰਮਲ ਅਜਾਦੀ ਹੀ ਇਸ ਮਸਲੇ ਦਾ ਪੱਕਾ ਹੱਲ ਹੈ। ਇਜਰਾਈਲ ਦੇਸ਼ ਦਾ ਕੋਈ ਅਧਾਰ ਨਹੀਂ ਹੈ, ਇਹ ਇੱਕ ਨਾਜਾਇਜ਼ ਰੂਪ ਵਿੱਚ ਵਸਾਇਆ ਗਿਆ ਦੇਸ਼ ਹੈ, ਪੂਰੇ ਫਲਿਸਤੀਨੀ ਖਿੱਤੇ ਵਿੱਚ ਇੱਕ ਹੀ ਦੇਸ਼ ਬਣਾਇਆ ਜਾਣਾ ਚਾਹੀਦਾ ਹੈ ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਸ਼ਾਂਤੀ ਨਾਲ਼ ਇਕੱਠੇ ਰਹਿ ਸਕਣ। ਮੁਕੰਮਲ ਆਜ਼ਾਦੀ ਲਈ ਫਲਿਸਤੀਨ ਦੇ ਲੋਕ ਲਗਾਤਾਰ ਸੰਘਰਸ਼

ਲੜ੍ਹ ਰਹੇ ਹਨ ਪਰ ਫਲਿਸਤੀਨੀ ਕੌਮੀ ਸੰਘਰਸ਼ ਨੂੰ ਦਹਿਸ਼ਦਗਰਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਪਿਛਲੇ ਢਾਈ ਮਹੀਨਿਆਂ ਤੋਂ ਫਿਲਿਸਤੀਨ ਨੂੰ ਕਬਰਿਸਤਾਨ 'ਚ ਬਦਲਣ ਲਈ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੀ ਸ਼ਹਿ ਪ੍ਰਾਪਤ ਇਜਰਾਇਲ ਵੱਲੋਂ ਫਲਿਸਤੀਨੀ ਲੋਕਾਂ ਦਾ ਉਹਨਾਂ ਦੇ ਆਪਣੇ ਹੀ ਦੇਸ਼ 'ਚੋਂ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਹਮਲੇ ਕੀਤੇ ਜਾ ਰਹੇ ਹਨ ਜਿਸ ਖਿਲਾਫ ਦੁਨੀਆਂ ਭਰ ਵਿੱਚ ਆਵਾਜ਼ ਉਠਾਈ ਜਾ ਰਹੀ ਹੈ। ਗਾਜ਼ਾ ਵਿੱਚ 21000 ਤੋਂ ਵੱਧ ਲੋਕ ਇਹਨਾਂ ਹਮਲਿਆਂ ਵਿੱਚ ਮਾਰੇ ਗਏ ਹਨ ਅਤੇ 55000 ਦੇ ਕਰੀਬ ਫੱਟੜ ਹੋ ਚੁੱਕੇ ਹਨ। ਮ੍ਰਿਤਕਾਂ ਵਿੱਚੋਂ 70% ਔਰਤਾਂ ਅਤੇ ਬੱਚੇ ਹਨ। ਗਾਜ਼ਾ ਵਿੱਚ ਇਸ ਸਮੇਂ ਘੋਰ ਮਨੁੱਖੀ ਸੰਕਟ ਪੈਦਾ ਹੋ ਚੁੱਕਿਆ ਹੈ ਅਤੇ ਬਿਮਾਰੀਆਂ ਤੇ ਭੁੱਖਮਰੀ ਫੈਲਣ ਦੇ ਕਾਰਨ ਸਥਿਤੀ ਭਿਆਨਕ ਹੈ। ਆਗੂਆਂ ਨੇ ਕਿਹਾ ਕਿ ਸੰਸਾਰ ਭਰ ਦੇ ਜਬਰਦਸਤ ਵਿਰੋਧ ਨੂੰ ਅੱਖੋਂ ਪਰੋਖੇ ਕਰਨ ਵਾਲੇ ਇਜਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਵੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜਰਾਇਲ ਦੇ ਹੱਕ ਵਿੱਚ ਖਲੋਣ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਭਾਰਤ ਸਰਕਾਰ ਕੌਮਾਂਤਰੀ ਮੰਚਾਂ ਉੱਤੇ ਇਜਰਾਈਲ ਖਿਲਾਫ ਸਖਤ ਸਟੈਂਡ ਲਵੇ। ਬੁਲਾਰਿਆਂ ਨੇ ਯੂਕਰੇਨ ਸਮੇਤ ਦੁਨੀਆਂ ਦੇ ਅਨੇਕਾਂ ਇਲਾਕਿਆਂ ਵਿੱਚ ਚਲ ਰਹੇ ਯੁੱਧਾਂ ਨੂੰ ਸਮਾਪਤ ਕਰਕੇ ਸ਼ਾਂਤੀ ਲਈ ਆਵਾਜ਼ ਬੁਲੰਦ ਕੀਤੀ। ਯੂਕਰੇਨ ਵਿਚ ਵੀ ਚਲ ਰਹੀ ਜੰਗ ਦੇ ਕਾਰਨ ਲੱਖਾਂ ਲੋਕ ਉਜੜ ਗਏ ਹਨ ਤੇ ਰਿਪੋਰਟਾਂ ਮੁਤਾਬਕ ਡੇਢ ਲੱਖ ਦੇ ਕਰੀਬ ਰੂਸ ਤੇ ਯੂਕਰੇਨ ਦੋਨਾਂ ਦੇ ਫੌਜੀ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਅਤੇ ਇਸ ਦੇ ਸਹਿਯੋਗੀ ਦੇਸ਼ਾਂ ਦੇ ਆਪਣੇ ਭੂ-ਰਾਜਨੀਤਿਕ, ਆਰਥਿਕ ਅਤੇ ਫੌਜੀ ਹਿੱਤ ਹਨ, ਜਿਸ ਕਾਰਨ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਜੰਗਬੰਦੀ ਦੇ ਮਤੇ ਦਾ ਸਮਰਥਨ ਨਹੀਂ ਕਰ ਰਹੇ ਹਨ ਅਤੇ ਔਰਤਾਂ ਅਤੇ ਬੱਚਿਆਂ ਦੀ ਮੌਤ 'ਤੇ ਸਿਰਫ ਗੋਗਲੂਆਂ ਤੋਂ ਮਿੱਟੀ ਝਾੜ ਰਹੇ ਹਨ। ਸੰਸਾਰ ਭਰ ਦੇ ਆਮ ਲੋਕਾਂ ਨੂੰ ਇਸ ਵਿੱਚ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ ਅਤੇ ਅਸੀਂ ਪਹਿਲਾਂ ਹੀ ਦੁਨੀਆ ਭਰ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਦੇਖੇ ਹਨ। ਬੁਲਾਰਿਆਂ ਨੇ ਭਾਰਤ ਅੰਦਰ ਫਲਿਸਤੀਨ ਬਹਾਨੇ ਮੁਸਲਮਾਨਾਂ ਖਿਲਾਫ਼ ਭਾਜਪਾ-ਆਰ.ਐਸ.ਐਸ. ਦੀ ਨਫਰਤੀ ਮੁਹਿਮ ਦੀ ਸਖਤ ਨਿੰਦਾ ਕੀਤੀ ਅਤੇ ਫਿਰਕੂ ਸਦਭਾਵਨਾ ਦਾ ਮਾਹੌਲ ਬਣਾਉਣ ਦੇ ਲਈ ਲੋਕਾਂ ਨੂੰ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਦੁਖਦਾਈ ਗੱਲ ਹੈ ਕਿ ਫਿਰਕੂ ਅਨਸਰਾਂ ਵੱਲੋਂ ਸਦੀਆਂ ਬੱਧੀ ਸਦਭਾਵਨਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਹਿੰਸਾ ਦੇ ਮਾਹੌਲ ਨੂੰ ਵਧਾਇਆ ਜਾ ਰਿਹਾ ਹੈ। ਇਸ ਮੌਕੇ ਕਾਮਰੇਡ ਕਮਲਜੀਤ ਸਨਾਵਾ, ਜਸਵਿੰਦਰ ਸਿੰਘ ਭੰਗਲ,ਕਾਮਰੇਡ ਭੁਪਿੰਦਰ ਸਿੰਘ ਵੜੈਚ,ਤਰਸੇਮ ਸਿੰਘ ਬੈਂਸ, ਰਾਮ ਜੀ ਦਾਸ ਸਰਪੰਚ, ਕੁਲਦੀਪ ਦੌੜਕਾ , ਸਤਨਾਮ ਸਿੰਘ ਸੁੱਜੋਂ, ਮੇਹਲੀ ਤੋਂ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਨਰੰਜਣ ਦਾਸ, ਕਾਮਰੇਡ ਅਮਰਜੀਤ (ਬੱਬੀ) ਸਾਥੀਆਂ ਸਮੇਤ,ਬਲਜੀਤ ਸਿੰਘ ਧਰਮਕੋਟ, ਬੀਬੀ ਗੁਰਬਖਸ਼ ਕੌਰ ਰਾਹੋਂ, ਧਰਮ ਪਾਲ ਸਿਆਣਾ, ਹਰਮੇਸ਼ ਬਿੱਲਾ, ਮਨੋਹਰ ਲਾਲ ਸੋਧੀ,ਸੰਤੋਖ ਪਾਲ, ਜਸਵਿੰਦਰ ਲਾਲ, ਗੁਰਿੰਦਰ ਲਾਲ, ਸੱਤਿਆ ਦੇਵੀ, ਮੇਜ਼ਰ ਦਾਸ ਗੁਰਮੁਖ ਸਿੰਘ ਫਰਾਲਾ,ਗਾਮੀ, ਜਰਨੈਲ ਸਿੰਘ ਪਨਾਮ, ਸੁਰਿੰਦਰ ਭੱਟੀ, ਸੁਖਦੇਵ ਸਿੰਘ ਆਦਿ ਵੱਡੀ ਗਿਣਤੀ ਵਿਚ ਸਾਥੀ ਸ਼ਾਮਲ ਹੋਏ।

ਬੇਵੱਸੀ ਪਰ ਜ਼ਰੂਰਤ ਬਣਨਾ

ਪੁਰਾਣੇ ਸਮੇਂ ਵਿੱਚ ਹਰ ਚੀਜ਼ ਦੀ ਪ੍ਰਾਪਤੀ ਲਈ ਤੇ ਹਰ ਤਰ੍ਹਾਂ ਦੇ ਹਾਲਾਤ ਲਈ ਮਨੁੱਖ ਰੱਬ 'ਤੇ ਡੋਰੀ ਰੱਖਦਾ ਸੀ। ਉਨ੍ਹਾਂ ਦੀਆਂ ਲੋੜਾਂ ਕਰਕੇ ਆਪਣੇ-ਆਪ ਨੂੰ ਸੁਰੱਖਿਅਤ ਅਨੁਭਵ ਕਰਦੇ ਸੀ। ਅੱਜ-ਕੱਲ੍ਹ ਵਿਗਿਆਨਕ ਤੇ ਪਦਾਰਥਵਾਦੀ ਯੁੱਗ ਹੋਣ ਨਾਲ ਮਸ਼ੀਨਰੀ, ਆਵਾਜਾਈ ਤੇ ਢੋਆ-ਢੁਆਈ ਦਾ ਕੰਮ ਸੌਖਾ ਤੇ ਵੱਡੇ ਪੈਮਾਨੇ 'ਤੇ ਹੋ ਗਿਆ ਹੈ, ਪਰ ਫੇਰ ਵੀ ਮਨੁੱਖ ਧਨ ਵੱਲੋਂ ਭਾਵੇਂ ਖੁਸ਼ ਹੋਵੇ, ਪਰ ਮਨ ਵੱਲੋਂ ਖੁਸ਼ ਨਹੀਂ ਹੈ।

ਮਨੁੱਖ ਆਪ ਵੀ ਮਸ਼ੀਨ ਬਣ ਗਿਆ ਹੈ। ਉਸ ਨੂੰ ਆਰਾਮ, ਸਬਰ-ਸੰਤੋਖ ਤੇ ਸ਼ਾਂਤੀ ਦਾ ਜੀਵਨ ਭੁੱਲ ਗਿਆ ਹੈ। ਉਸ ਦੀਆਂ ਲੋੜਾਂ, ਸਹੂਲਤਾਂ ਇੱਕ-ਦੂਜੀ ਦੇ ਬਰਾਬਰ ਚੱਲ ਰਹੀਆਂ ਹਨ ਤੇ ਵਧ ਰਹੀਆਂ ਹਨ। ਇਨ੍ਹਾਂ ਦਾ ਕਾਰਨ ਵਧ ਰਹੀ ਜਨਸੰਖਿਆ, ਵਧ ਰਹੇ ਪਦਾਰਥ, ਵਧ ਰਹੀਆਂ ਲੋੜ, ਘਟ ਰਹੀ ਸਿੱਕੇ ਦੀ ਕੀਮਤ ਤੇ ਵਧ ਰਹੇ ਖਰਚੇ, ਉੱਚਾ ਹੋ ਰਿਹਾ ਜੀਵਨ ਪੱਧਰ ਤੇ ਧਨ ਦੀ ਕਾਣੀ ਵੰਡ ਨੇ ਮਨੁੱਖ ਨੂੰ ਬੇਵੱਸ ਕਰ ਦਿੱਤਾ ਹੈ ਤੇ ਜੀਵਨ ਨੂੰ ਅਨਿਸ਼ਚਿਤ ਤੇ ਅਸਥਾਈ ਬਣਾ ਦਿੱਤਾ ਹੈ।

ਅਧਿਆਤਮਕਵਾਦ ਵਿੱਚ ਮਨੁੱਖ ਦਾ ਜੀਵਨ ਪੱਧਰ ਸਰਲ ਸੀ। ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਿਨਾਂ ਦੂਜਿਆਂ ਦੀ ਭਲਾਈ ਕਰਨਾ ਪੁੰਨ ਸਮਝਦਾ ਸੀ। ਇਸ ਤਰ੍ਹਾਂ ਕਰਨ ਵਿੱਚ ਉਹ ਲੋਕ-ਪ੍ਰਲੋਕ ਵਿੱਚ ਵਿਚਰਣ ਲਈ ਖੁਸ਼ੀ ਭਰਿਆ ਤੇ ਸਬਰ-ਸੰਤੋਖ ਵਾਲਾ ਆਦਰਸ਼ ਜੀਵਨ ਸਮਝਦਾ ਸੀ।

ਅੱਜ ਹਰ ਪਾਸੇ ਪ੍ਰਦੂਸ਼ਨ ਸਮੱਸਿਆ ਦੇ ਬੱਦਲ ਛਾਏ ਹੋਏ ਹਨ। ਜੇ ਉਦਯੋਗਪਤੀਆਂ ਨੂੰ ਕਹੀਏ ਕਿ ਪ੍ਰਦੂਸ਼ਨ ਹਟਾਉਣ ਲਈ ਧੂੰਆਂ ਤੇ ਪਾਣੀ ਗੰਦਾ ਕਰਨ ਤੋਂ ਹਟ ਜਾਣ ਤਾਂ ਉਹ ਕਹਿੰਦੇ ਹਨ ਕਿ ਸਾਡੀ ਮਜਬੂਰੀ ਹੈ। ਪਰਾਲੀ ਜਲਾਉਣਾ, ਖੇਤਾਂ ਵਿੱਚ ਰਸਾਇਣਕ ਖਾਦ ਪਾਉਣਾ ਤੇ ਫਸਲਾਂ ਦੀਆਂ ਬਿਮਾਰੀਆਂ ਤੋਂ ਸੁਰੱਖਿਆ ਲਈ ਜ਼ਹਿਰੀਲੀ ਦਵਾਈ ਛਿੜਕਣਾ ਇਹ ਵੀ ਇਨ੍ਹਾਂ ਦੀ ਮਜਬੂਰੀ ਹੈ।

ਨਸ਼ਾ ਵੇਚਣ ਵਾਲੇ ਨਸ਼ੇ ਦੀ ਸਪਲਾਈ ਕਰਨਾ ਤੇ ਵੇਚਣਾ ਆਦਿ ਵਿੱਚ ਰੁੱਝੇ ਹੋਏ ਲੋਕ ਕਮਾਈ ਦਾ ਚੰਗਾ ਸਾਧਨ ਤੇ ਘਰ ਦੇ ਖਰਚੇ ਚਲਾਉਣ ਦਾ ਸੌਖਾ ਤੇ ਵੱਡਾ ਸਾਧਨ ਸਮਝਦੇ ਹਨ। ਜੇ ਇਨ੍ਹਾਂ ਨੂੰ ਹਟਾਓ ਤਾਂ ਪੁਲਸ ਨੂੰ ਵੀ ਕਹਿ ਦਿੰਦੇ ਹਨ, ਜੀ ਮਜਬੂਰੀ ਐ। ਇਸੇ ਤਰ੍ਹਾਂ ਨਸ਼ਾ ਖਰੀਦ ਕੇ ਵਰਤਣਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ, ਭਾਵੇਂ ਘਰ ਮਾਂ-ਬਾਪ ਦਾ ਕਤਲ ਕਰਕੇ ਪੈਸਾ ਲੈਣਾ ਪਵੇ। ਨਸ਼ਾ ਪੀ ਕੇ ਉਹ ਦਿੰਦਾ ਹੈ। ਨਸ਼ਾ ਪੀ ਕੇ ਸੌ ਜਾਣਾ ਤੇ ਬੇਵੱਸ ਹੋ ਜਾਣਾ ਬੇਵੱਸੀ ਹੈ। ਨਸ਼ਾ ਛੱਡਣਾ ਮਜਬੂਰੀ ਹੈ।

ਦਫਤਰਾਂ ਵਿੱਚ ਅਫਸਰ, ਬਾਬੂ ਤੇ ਖੇਤਰ ਵਿੱਚ ਹੋਰ ਕਈ ਤਰ੍ਹਾਂ ਦੇ ਕਰਮਚਾਰੀ ਰਿਸ਼ਵਤ ਲੈਣਾ ਦੇਣਾ, ਸਿਫਾਰਸ਼ ਮੰਨਣਾ ਆਪਣਾ ਅਧਿਕਾਰ ਤੇ ਮਜਬੂਰੀ ਦੱਸਦੇ ਹਨ। ਸਕੂਲਾਂ ਵਿੱਚ ਪੜ੍ਹਾਈ, ਹਸਪਤਾਲਾਂ ਵਿੱਚ ਮਰੀਜ਼ਾਂ ਦੇ ਇਲਾਜ ਦੀ ਘਾਟ ਦਾ ਕਾਰਨ ਵੱਧ ਖਾਲੀ ਪੋਸਟਾਂ ਹੋਣਾ ਦੱਸਦੇ ਹਨ ਤੇ ਆਪਣੀ ਮਜਬੂਰੀ।

ਚੋਣਾਂ ਸਮੇਂ ਵੋਟਰ ਪੈਸੇ ਲੈ ਕੇ ਵੋਟ ਪਾਉਣ ਨੂੰ ਤੇ ਨੁਮਾਇੰਦੇ ਪੈਸੇ ਦੇ ਕੇ ਵੋਟ ਲੈਣ ਨੂੰ ਮਜਬੂਰੀ ਦੱਸਦੇ ਹਨ। ਇਸ ਤਰ੍ਹਾਂ ਰੇਤਾ, ਬੱਜਰੀ ਕੱਢਣ, ਖਰੀਦਣ ਤੇ ਵਰਤਣ ਨੂੰ ਆਪਣੀ ਮਜਬੂਰੀ ਦੱਸਦੇ ਹਨ। ਰੁਜ਼ਗਾਰ ਅਤੇ ਜੀਵਨ ਪੱਧਰ ਉੱਚਾ ਕਰਨ ਲਈ ਤੇ ਵਿੱਦਿਆ ਪ੍ਰਾਪਤ ਕਰਨ ਲਈ ਵਿੱਤੋਂ ਵੱਧ ਖਰਚ ਕਰਕੇ ਵਿਦੇਸ਼ ਜਾਣਾ ਵੀ ਆਮ ਰਿਵਾਜ ਹੋ ਗਿਆ ਹੈ। ਭੇਡ-ਚਾਲ ਵਿੱਚ ਕਈ ਘਰ ਬਰਬਾਦ ਵੀ ਹੋ ਗਏ ਹਨ।

ਕਿਸੇ ਰਿਸ਼ਤੇਦਾਰ, ਭੈਣਾਂ ਭਰਾਵਾਂ, ਗੁਆਂਢੀਆਂ ਨਾਲ ਮਿਲਣਾ-ਵਰਤਣਾ ਬਹੁਤ ਘੱਟ ਰਿਹਾ ਹੈ। ਮਾਂ-ਬਾਪ ਦੀ ਸੇਵਾ ਤੇ ਦੇਖਭਾਲ ਤਾਂ ਦੂਰ ਦੀ ਗੱਲ, ਉਨ੍ਹਾਂ ਨੂੰ ਮਿਲਣਾ ਵੀ ਮਜਬੂਰੀ ਦੱਸਦੇ ਹਨ। ਆਪਣੀਆਂ ਮੰਗਾਂ ਮੰਨਵਾਉਣ ਲਈ ਪ੍ਰਦਰਸ਼ਨਕਾਰੀ ਸੜਕਾਂ, ਰੇਲਵੇ ਲਾਇਨਾਂ 'ਤੇ ਬੈਠਣ ਲਈ ਮਜਬੂਰ ਹਨ। ਯਾਤਰੀ ਤੇ ਰਾਹੀ ਸਫਰ ਕਰਨ ਲਈ ਔਖੇ ਤੇ ਮਜਬੂਰ ਹਨ। ਸਰਕਾਰਾਂ ਮੰਗਾਂ ਪੂਰੀਆਂ ਕਰਨ ਲਈ ਮਜਬੂਰ ਹਨ।

ਸਮਾਜ ਵਿੱਚ ਹਰ ਵਰਗ ਆਪਣੀ ਥਾਂ 'ਤੇ ਮਜਬੂਰ ਹੈ। ਭਾਰਤ ਅਜੇ ਪ੍ਰਗਤੀਸ਼ੀਲ ਦੇਸ਼ਾਂ ਵਿੱਚ ਚੱਲ ਰਿਹਾ ਹੈ। ਉਹ ਸਮੱਸਿਆਵਾਂ ਨੂੰ ਹੱਲ ਕਰਕੇ ਲੋਕ ਭਲਾਈ ਲਈ ਸਰਗਰਮ ਹੈ। ਦੇਖਦੇ ਹਾਂ ਕਿ ਇਹ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਕਦੋਂ ਆਉਂਦਾ ਹੈ ਤੇ ਮਜਬੂਰੀਆਂ ਦੂਰ ਕਰਦਾ ਹੈ। ਉਹ ਦਿਨ ਦੂਰ ਨਹੀਂ ਹਨ।

ਡਾ. ਨਵਪ੍ਰੀਤ ਕੌਰ, ਸ.ਸ. ਮਿਸਟ੍ਰੈਸ
ਸੰਪਰਕ : 82839-59199

ਡਰਾਈਵਰ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਇਕਜੁੱਟ ਹੋ ਕੇ ਲੜਨ ਦਾ ਹੋਕਾ

ਸ੍ਰੀ ਆਨੰਦਪੁਰ ਸਾਹਿਬ : ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਡਰਾਈਵਰ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਸਥਾਨਕ ਬੱਸ ਸਟੈਂਡ ਵਿਖੇ ਡਰਾਈਵਰਾਂ ਦਾ ਇੱਕ ਭਾਰੀ ਇਕੱਠ ਸੁਖਵਿੰਦਰ ਸਿੰਘ ਲਾਡੀ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿੱਚ ਆਲ ਇੰਡੀਆ ਰੋਡ ਟ੍ਰਾਂਸਪੋਰਟ ਵਰਕਰਜ਼ ਫੈਡਰੇਸ਼ਨ ਦੇ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਵਜਿੰਦਰ ਪੰਡਤ ਨੇ ਕਿਹਾ ਕਿ ਮੋਦੀ ਸਰਕਾਰ ਨੇ ਜੋ ਡਰਾਈਵਰ ਵਿਰੋਧੀ ਕਾਲੇ ਕਾਨੂੰਨ ਲੋਕ ਸਭਾ 'ਚ ਪਾਸ ਕੀਤੇ ਹਨ ਇਸ ਦੇ ਨਾਲ ਆਪਣੀ ਰੋਜੀ ਰੋਟੀ ਕਮਾ ਰਹੇ ਲੋਕ ਟਰਾਂਸਪੋਰਟ ਧੰਦੇ ਤੋਂ ਪਾਸੇ ਹੋ ਜਾਣਗੇ। ਲੋਕ ਸਭਾ ਦੇ ਵਿੱਚ 146 ਮੈਂਬਰ ਪਾਰਲੀਮੈਂਟ ਨੂੰ ਕੱਢ ਕੇ ਲੋਕ ਵਿਰੋਧੀ ਇਹ ਕਾਨੂੰਨ ਪਾਸ ਕੀਤੇ ਹਨ। ਚਾਹੀਦਾ ਤਾਂ ਇਹ ਸੀ ਕਿ ਮੋਦੀ ਸਰਕਾਰ ਟਰਾਂਸਪੋਰਟ ਪੱਖੀ ਕਾਨੂੰਨ ਬਣਾਉਂਦੀ। ਪਰ ਉਸ ਨੇ ਹਾਦਸੇ ਲਈ ਡਰਾਈਵਰਾਂ ਨੂੰ ਹੀ

ਮੁੱਖ ਜਿੰਮੇਵਾਰ ਮੰਨ ਕੇ 10 ਸਾਲ ਸਜ਼ਾ ਤੇ ਭਾਰੀ ਜਰਮਾਨੇ ਰੱਖੇ ਹਨ ਜੋ ਕਿ ਸਰਾਸਰ ਧੱਕਾ ਹੈ। ਆਗੂਆਂ ਨੇ ਕਿਹਾ ਕਿ ਸੜਕ ਹਾਦਸੇ ਦਾ ਮੁੱਖ ਕਾਰਨ ਡਰਾਈਵਰ ਨਹੀਂ ਸਗੋਂ ਟੁੱਟੀਆਂ ਸੜਕਾਂ, ਕੰਮ ਦਾ ਬੋਝ, ਸਰਕਾਰੀ ਅਧਿਕਾਰੀਆਂ ਦਾ ਬੋਝ, ਟਰੈਫਿਕ ਦਾ ਵਧਣਾ, ਟੋਲ ਟੈਕਸ ਦੇ ਲੰਬੀਆਂ ਲਾਈਨਾਂ ਲੱਗਣੀਆਂ ਸਮੇਤ ਹੋਰ ਮੁੱਖ ਕਾਰਨ ਹਨ। ਉਹਨਾਂ ਨੇ ਮੰਗ ਕੀਤੀ ਕਿ ਡਰਾਈਵਰ ਵਿਰੋਧੀ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ ਨਹੀਂ ਤਾਂ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨਾਂ ਵਾਂਗ ਇਹ ਵੀ ਕਾਨੂੰਨ ਵਾਪਸ ਲੈਣੇ ਪੈਣਗੇ। ਉਹਨਾਂ ਨੇ ਡਰਾਈਵਰ ਵੀਰਾਂ ਨੂੰ ਸੱਦਾ ਦਿੱਤਾ ਕਿ ਉਹ ਕੇਂਦਰ ਸਰਕਾਰ ਦੀ ਹਰ ਨੀਤੀ ਦਾ ਵਿਰੋਧ ਕਰਨ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਡਟਣ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਸੰਧੂ, ਇੰਦਰਜੀਤ ਸਿੰਘ ਫੌਜੀ ਵੀ ਹਾਜ਼ਰ ਸਨ।ਇਸ ਮੌਕੇ ਤੇ ਸ਼੍ਰੀ ਆਨੰਦਪੁਰ ਸਾਹਿਬ ਦੇ ਨਾਲ ਲੱਗਦੀਆਂ ਵੱਖ ਵੱਖ ਟੈਕਸੀ ਸਟੈਂਡ, ਬੱਸਾਂ ਦੇ ਡਰਾਈਵਰ, ਆਟੋ ਡਰਾਈਵਰ ਤੇ ਮੱਖਣ ਸਿੰਘ,ਗੁਰਮੀਤ ਸਿੰਘ,ਰਵੀ ਕੁਮਾਰ, ਦੀਦਾਰ ਸਿੰਘ ਰਾਣਾ, ਸਾਕਾ ਗੁਰਦੇਵ ਸਿੰਘ ਭੱਲਾ, ਧਰਮਿੰਦਰ ਕੁਮਾਰ,ਅਮਨਦੀਪ ਸਿੰਘ ਵਿਜੇ ਕੁਮਾਰ, ਇਕਬਾਲ ਸਿੰਘ ਪ੍ਰਧਾਨ , ਸੁਰਜੀਤ ਕੁਮਾਰ, ਪਰਮਜੀਤ ਸਿੰਘ, ਕਮਲਜੀਤ ਸਿੰਘ, ਹਰ ਬਿਲਾ

2-JAN-PAGE-7.qxd 1/1/2024 9:58 PM Page 1

ਡੀ ਐੱਸ ਪੀ ਦਫ਼ਤਰ ਵਿਖੇ ਪੱਕੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ : ਏਕਤਾ ਡਕੌਂਦਾ

- ਪੁਲਸ ਪ੍ਰਸ਼ਾਸਨ ਵਾਅਦਾ ਨਿਭਾਉਣ 'ਚ ਹੋਇਆ ਫੇਲ੍ਹ : ਕਿਸ਼ਨਗੜ੍ਹ
- ਆਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ ਦੀ ਰਾਖੀ ਲਈ ਆਰ-ਪਾਰ ਦੀ ਲੜਾਈ ਲੜਾਂਗੇ : ਧਨੇਰ

ਬੁਢਲਾਡਾ (ਅਸ਼ੋਕ ਲਾਕੜਾ)

ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਜ਼ਿਲ੍ਹੇ ਦੀ ਵਧਵੀਂ ਮੀਟਿੰਗ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਸੰਬੋਧਨ ਕਰਨ ਪੁੱਜੇ, ਕਿਉਂਕਿ ਜਥੇਬੰਦੀ ਵੱਲੋਂ ਪਿੰਡ ਕੁਲਰੀਆਂ ਦੇ ਜ਼ਮੀਨੀ ਵਿਵਾਦ ਨੂੰ ਲੈ ਕੇ ਮਾਲ ਤੇ ਕਾਸ਼ਤਕਾਰ ਕਿਸਾਨਾਂ ਦੇ ਹੱਕ ਵਿੱਚ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ।ਉਸ ਦੀ ਅਗਲੀ ਕੜੀ ਵਜੋਂ 6 ਜਨਵਰੀ 2024 ਤੋਂ ਡੀ ਐੱਸ ਪੀ ਬੁਢਲਾਡਾ ਦਫ਼ਤਰ ਵਿਖੇ ਅਣਮਿੱਥੇ ਸਮੇਂ ਦਾ ਪੱਕਾ ਮੋਰਚਾ ਸ਼ੁਰੂ ਕੀਤਾ ਜਾ ਰਿਹਾ ਹੈ।ਵਰਨਣਯੋਗ ਹੈ ਕਿ ਬੀਤੇ ਦਿਨਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੋ ਮੰਗਾਂ ਮੰਨਣ ਦਾ 19 ਦਸੰਬਰ ਤੱਕ ਦਾ ਭਰੋਸਾ ਦਿੱਤਾ ਗਿਆ ਸੀ ਤੇ ਕਿਸਾਨ ਆਗੂਆਂ ਅਤੇ ਵਰਕਰਾਂ ਉੱਤੇ ਕੀਤੇ ਝੂਠੇ ਪਰਚੇ 25 ਦਸੰਬਰ ਤੱਕ ਵਾਪਸ ਲੈਣ ਦਾ ਵਿਸ਼ਵਾਸ ਦਿਵਾਇਆ ਗਿਆ ਸੀ, ਪਰ ਪੁਲਸ ਪ੍ਰਸ਼ਾਸਨ ਵੱਲੋਂ ਦਿੱਤੇ ਸਮੇਂ ਵਿੱਚ ਕੋਈ ਵੀ ਕਾਰਵਾਈ ਮੁਕੰਮਲ ਨਹੀ ਕੀਤੀ ਗਈ ਹੈ।ਪ੍ਰਸ਼ਾਸਨ ਦੀ ਵਾਅਦਾਖਿਲਾਫ਼ੀ ਦੇ ਚਲਦੇ ਜਥੇਬੰਦੀ ਵੱਲੋਂ ਜੋ ਮੋਰਚਾ 15 ਦਸੰਬਰ ਨੂੰ ਪੁਲਸ ਪ੍ਰਸ਼ਾਸਨ ਦੇ ਭਰੋਸੇ ਉੱਤੇ ਮੁਲਤਵੀ ਕੀਤਾ ਗਿਆ ਸੀ, ਦੁਆਰਾ ਫਿਰ ਸ਼ੁਰੂ ਕੀਤਾ ਜਾ ਰਿਹਾ ਹੈ।ਮੋਰਚੇ ਦੀਆਂ ਮੁੱਖ ਮੰਗਾਂ ਵਿੱਚ ਕੁਲਰੀਆਂ ਦੇ ਅਬਾਦਕਾਰ ਕਿਸਾਨਾਂ ਨੂੰ ਉਜਾੜਾ ਬੰਦ ਕਰਕੇ ਮਾਲਕੀ ਹੱਕ ਦੇਣੇ, ਕਿਸਾਨਾਂ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਗੱਡੀਆਂ ਚੜ੍ਹਾ ਕੇ ਜ਼ਖਮੀ ਕਰਨ ਵਾਲੇ ਦੋਸ਼ੀ ਪੰਚਾਇਤ ਰਾਜਵੀਰ ਸਿੰਘ ਤੇ ਹੋਰ ਜਰਾਇਮ ਪੇਸ਼ਾ ਹਮਲਾ ਕਰਨ ਵਾਲੇ ਬੰਦਿਆਂ 'ਤੇ ਬਣਦੀਆਂ ਧਾਰਾਵਾਂ ਲਗਾ ਕੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਣਾ, ਕਿਸਾਨਾਂ 'ਤੇ ਪਾਏ ਝੂਠੇ ਕੇਸ ਵਾਪਸ ਲੈਣਾ ਅਤੇ ਦੂਜੀ ਦਫਾ ਜ਼ਖਮੀ ਕਿਸਾਨ ਸੀਤਾ ਸਿੰਘ ਦੇ ਪੁੱਤਰ ਗੁਰਪ੍ਰੀਤ ਸਿੰਘ ਦੇ ਪੁੱਤਰ 'ਤੇ ਜਾਨਲੇਵਾ ਹਮਲਾ ਕਰਨ ਵਾਲੇ ਗੈਂਗਸਟਰਾਂ ਤੇ ਸਰਪੰਚ ਧਿਰ, ਜਿਸ ਦੇ ਖਿਲਾਫ਼ ਪਰਚਾ ਦਰਜ ਹੈ, ਨੂੰ ਗ੍ਰਿਫ਼ਤਾਰ ਕਰਵਾਉਣਾ ਤੇ ਜ਼ਬਤ ਕੀਤੇ ਕਿਸਾਨਾਂ ਦੇ ਸੰਦ ਸਾਧਨ ਵਾਪਸ ਕਰਵਾਉਣਾ ਆਦਿ ਸਾਰੀਆਂ ਮੰਗਾਂ ਨੂੰ ਲੈ ਕੇ 6 ਜਨਵਰੀ ਤੋਂ ਪੱਕਾ ਮੋਰਚਾ ਸ਼ੁਰੂ ਕੀਤਾ ਜਾ ਰਿਹਾ ਹੈ।ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹਾ ਭਰ ਤੋਂ ਜ਼ਿਲ੍ਹਾ ਅਹੁਦੇਦਾਰ, ਬਲਾਕਾਂ ਦੇ ਅਹੁਦੇਦਾਰ ਤੇ ਪਿੰਡਾਂ ਦੇ ਅਹੁਦੇਦਾਰ ਸਮੇਤ ਸਰਗਰਮ ਵਰਕਰ ਸ਼ਾਮਲ ਹੋਏ।ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਵੀ ਸ਼ਮੂਲੀਅਤ ਕੀਤੀ।ਇਸੇ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਵੱਲੋਂ 6 ਜਨਵਰੀ ਦੇ ਲੱਗ ਰਹੇ ਪੱਕੇ ਮੋਰਚੇ ਦੀ ਤਿਆਰੀ ਵਜੋਂ ਪਿੰਡ ਕੁਲਰੀਆਂ ਵਿੱਚ 3 ਜਨਵਰੀ ਨੂੰ ਰੋਹ ਭਰਪੂਰ ਰੈਲੀ ਕੀਤੀ ਜਾਵੇਗੀ ਤੇ ਗੁੰਡਾ ਗਰੋਹ ਤੇ ਸਰਪੰਚ ਧਿਰ ਵੱਲੋਂ ਲਗਾਤਾਰ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਵਿਸ਼ਾਲ ਇਕੱਠ ਕਰਕੇ ਪ੍ਰਸ਼ਾਸਨ ਨੂੰ, ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਲਈ ਚਿਤਾਵਨੀ ਦਿੱਤੀ ਜਾਵੇਗੀ।ਮੀਟਿੰਗ ਵਿੱਚ ਦਿਨ-ਰਾਤ ਦੇ ਪੱਕੇ ਮੋਰਚੇ ਦੀ ਤਿਆਰੀ ਵਜੋਂ ਜਥੇਬੰਦੀ ਵੱਲੋਂ ਟਰਾਲੀਆਂ, ਗੱਦੇ ਤੇ ਲੋੜੀਂਦਾ ਸਾਮਾਨ ਲੈ ਕੇ ਪੁੱਜਣ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਅੱਜ ਦਾ ਇਹ ਐਲਾਨ ਕਰਨ ਸਮੇਂ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ ਸਮੇਤ ਜ਼ਿਲ੍ਹਾ ਕਮੇਟੀ ਦੇ ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ, ਬਲਕਾਰ ਸਿੰਘ ਚਹਿਲਾਂਵਾਲੀ ਤੇ ਬਲਾਕ ਕਮੇਟੀਆਂ ਦੇ ਸੱਤਪਾਲ ਸਿੰਘ ਵਰ੍ਹੇ, ਤਾਰਾ ਚੰਦ ਬਰੇਟਾ, ਤਰਨਜੀਤ ਸਿੰਘ ਮੰਦਰਾਂ, ਮਿੱਠੂ ਸਿੰਘ ਭੰਮੇ ਕਲਾਂ, ਮਿੱਠੂ ਸਿੰਘ ਪੋਰੋਂ, ਗੁਰਚਰਨ ਸਿੰਘ ਅਲੀਸ਼ੇਰ, ਰਾਵਲ ਸਿੰਘ ਕੋਟੜਾ ਸਮੇਤ ਔਰਤ ਵਿੰਗ ਦੇ ਆਗੂ ਸੁਖਜੀਤ ਕੌਰ, ਰਜਿੰਦਰ ਕੌਰ, ਸੁਖਵਿੰਦਰ ਕੌਰ ਆਦਿ ਹਾਜ਼ਰ ਰਹੇ।

ਨਵੇਂ ਸਾਲ ਦੇ ਆਗਮਨ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਨਵੇਂ ਸਾਲ ਦੇ ਆਗਮਨ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਵਧੀਕ ਡਿਪਟੀ ਕਮਿਸ਼ਨਰ (ਵਿ) ਸ. ਮਨਜੀਤ ਸਿੰਘ ਚੀਮਾ ਪੀ ਸੀ ਐੱਸ ਨੇ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਹਾਜ਼ਰੀਨ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਾਲ 2024 ਸਾਰਿਆਂ ਲਈ ਖੁਸ਼ੀਆਂ ਲੈ ਕੇ ਆਵੇ ਤੇ ਪ੍ਰਮਾਤਮਾ ਸਭ ਨੂੰ ਤਰੱਕੀਆਂ ਬਖਸ਼ੇ।ਇਸ ਦੇ ਨਾਲ-ਨਾਲ ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪਿਛਲੇ ਸਾਲ ਦੀ ਤਰ੍ਹਾਂ ਨਵੇਂ ਸਾਲ ਵਿੱਚ ਆਪਣੀ ਡਿਊਟੀ ਪੂਰੀ ਤਨਦੇਹੀ, ਇਮਾਨਦਾਰੀ ਤੇ ਹੋਰ ਜ਼ਿੰਮੇਵਾਰੀ ਨਾਲ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਦਫਤਰੀ ਸਟਾਫ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹਰ ਹੀਲੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਅਤੇ ਬਣਦਾ ਲਾਹਾ ਮੁਹੱਈਆ ਕਰਵਾਇਆ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਲੋੜਵੰਦ ਤੇ ਯੋਗ ਵਿਅਕਤੀ ਨੂੰ ਦਫਤਰਾਂ ਵਿਖੇ ਕਿਸੇ ਪ੍ਰਕਾਰ ਦੀ ਮੁਸ਼ਕਲ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਦਫਤਰ ਵਿਖੇ ਆਉਣ ਵਾਲੇ ਹਰੇਕ ਵਿਅਕਤੀ ਨਾਲ ਚੰਗਾ ਵਤੀਰਾ ਵਰਤਿਆਂ ਜਾਵੇ ਤਾਂ ਜੋ ਲੋਕ ਖੁਸ਼ੀ-ਖੁਸ਼ੀ ਆਪਣਾ ਦਫਤਰੀ ਕੰਮ ਕਰਵਾ ਕੇ ਘਰਾਂ ਨੂੰ ਪਰਤਣ।ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

ਇਸ ਮੌਕੇ ਐੱਸ ਡੀ ਐੱਮ ਜਲਾਲਾਬਾਦ ਸ. ਬਲਕਰਨ ਸਿੰਘ, ਜ਼ਿਲ੍ਹਾ ਮਾਲ ਅਫਸਰ ਮਨਦੀਪ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਨਵੇਂ ਸਾਲ ਦੀ ਆਮਦ ਨੂੰ ਲੈ ਕੇ ਭਦੌੜੀਆ ਪਰਵਾਰ ਵੱਲੋਂ ਲੰਗਰ

ਭਗਤਾ ਭਾਈ ਕਾ (ਰਾਜੀਵ ਗੋਇਲ)-ਸਥਾਨਕ ਸ਼ਹਿਰ ਦੇ ਮਸ਼ਹੂਰ ਵਪਾਰੀ ਸੁਨੀਲ ਕੁਮਾਰ ਭਦੌੜੀਆ ਤੇ ਸਮੂਹ ਪਰਿਵਾਰ ਵੱਲੋਂ ਅੱਜ ਨਵੇਂ ਵਰੇ ਦੀ ਆਮਦ ਤੇ ਪੁੱਤਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਦੇਸੀ ਘਿਓ ਦੇ ਕੜਾਹ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਗੱਲਬਾਤ ਕਰਦੇ ਹੋਏ ਗੋਗੀ ਭਦੌੜੀਆ ਨੇ ਦੱਸਿਆ ਕਿ ਨਵੇਂ ਵਰ੍ਹੇ ਦੀ ਆਮਦ ਤੇ ਪੁੱਤਰ ਕਿਸ਼ਨ ਗਰਗ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਅੱਜ ਸਥਾਨਕ ਸ਼ਹਿਰ ਦੇ ਕੋਠਾਗੁਰੂ ਰੋਡ 'ਤੇ ਰਾਹਗੀਰਾਂ ਲਈ ਲੰਗਰ ਲਗਾਇਆ ਗਿਆ।ਦੱਸਣਾ ਬਣਦਾ ਹੈ ਕਿ ਇਸ ਪਰਿਵਾਰ ਵੱਲੋਂ ਇਸੇ ਤਰ੍ਹਾਂ ਸਮਾਜਸੇਵਾ ਕੀਤੀ ਜਾਂਦੀ ਹੈ ਤੇ ਕੁਝ ਦਿਨ ਪਹਿਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਦਿਆਲਪੁਰਾ ਭਾਈਕਾ ਵਿਖੇ ਲਗਾਏ ਗਏ ਲੰਗਰ ਵਿੱਚ ਦੁੱਧ ਦੀ ਸੇਵਾ ਵੀ ਕੀਤੀ ਗਈ ਤੇ ਪੂਰਾ ਦਿਨ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਦੁੱਧ ਵਰਤਾਇਆ ਗਿਆ।ਇਸ ਮੌਕੇ ਬਿਦਰ ਮਾਰਕੀਟ ਤੇ ਕੋਠਾਗੁਰੂ ਰੋਡ ਸਥਿਤ ਦੁਕਾਨਦਾਰਾਂ ਵੱਲੋਂ ਵੀ ਨਵੇਂ ਵਰ੍ਹੇ ਦੀ ਆਮਦ ਨੂੰ ਲੈ ਕੇ ਖੀਰ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸੁਨੀਲ ਕੁਮਾਰ ਭਦੌੜੀਆ, ਅਸ਼ਵਨੀ ਕੁਮਾਰ, ਕਿਸ਼ਨ ਕੁਮਾਰ, ਕਾਲਾ ਅਰੋੜਾ, ਵਿੱਕੀ ਅਰੋੜਾ, ਅਰਸ਼ ਗੋਰਾ, ਲਵਲੀ ਬਾਂਸਲ, ਜੀਵਨ ਹਾਂਗਕਾਂਗ, ਅਜੈ ਤਨੇਜਾ, ਸਚਿਨ ਕਲਿਆਣ, ਮਨੀ, ਬੰਟੀ, ਬਿੱਲਾ ਟੇਲਰ, ਵਿਜੈ ਕਰਿਆਨਾ, ਜਗਸੀਰ ਕੁਮਾਰ ਸਮੇਤ ਸਮੂਹ ਦੁਕਾਨਦਾਰ ਹਾਜ਼ਰ ਸਨ।

ਡਾ. ਕਿਰਪਾਲ ਸਿੰਘ ਦਾ ਸਿਵਲ ਸਰਜਨ ਬਣਨ ਦੀ ਖੁਸ਼ੀ 'ਚ ਸਨਮਾਨ

ਸੰਗਰੂਰ (ਪ੍ਰਵੀਨ ਸਿੰਘ)-ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਕਿਰਪਾਲ ਸਿੰਘ ਦੇ ਪਦਉੱਨਤ ਹੋ ਕੇ ਸਿਵਲ ਸਰਜਨ ਬਣਨ ਦੀ ਖੁਸ਼ੀ ਵਿੱਚ ਉੱਘੇ ਸਮਾਜ ਸੇਵੀ ਆਗੂ ਸਹਿਬਾਨਾਂ ਵੱਲੋਂ ਸਨਮਾਨਤ ਕੀਤਾ ਜਾ ਰਿਹਾ ਹੈ, ਉਥੇ ਡਾਕਟਰ ਸਾਹਿਬ ਦੀ ਮਿਹਨਤ ਤੇ ਚੰਗੇ ਸੁਭਾਅ ਦੇ ਨਾਲ ਸੰਗਰੂਰ ਦੇ ਸਿਵਲ ਹਸਪਤਾਲ ਨੂੰ ਬੜੇ ਵਧੀਆ ਢੰਗ ਦੇ ਨਾਲ ਅੱਗੇ ਤੋਰਦੇ ਹੋਏ ਅਤੇ ਵੱਡੀ ਗਿਣਤੀ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਆਏ ਮਰੀਜ਼ਾਂ ਨੂੰ ਸਰਕਾਰ ਵੱਲੋਂ ਆਈਆਂ ਸਕੀਮਾਂ ਦਾ ਲਾਭ ਦੇਣ ਅਤੇ ਦਿਵਾਉਣ ਲਈ ਡਾਕਟਰ ਕਿਰਪਾਲ ਸਿੰਘ ਦੇ ਉਦਮ ਦੀ ਸ਼ਲਾਘਾ ਕਰਦੇ ਹੋਏ ਨੇੜਲੇ ਪਿੰਡ ਉਭਾਵਾਲ ਦੇ ਸਾਬਕਾ ਸਰਪੰਚ ਅਤੇ ਜ਼ਿਲ੍ਹਾ ਲੇਬਰ ਕੋਰਟ ਦੇ ਮੈਂਬਰ ਪਾਲੀ ਸਿੰਘ ਕਮਲ ਉੱਭਾਵਾਲ, ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਦਮਦਮੀ, ਉੱਘੇ ਸਮਾਜ ਸੇਵੀ ਸ੍ਰ ਜਸਪਾਲ ਸਿੰਘ ਬੇਦੀ, ਕ੍ਰਿਸ਼ਨ ਬਾਵਾ ਨਮੋਲ ਵਾਲੇ, ਕੁਲਵਿੰਦਰ ਸਿੰਘ ਮਾਣਾ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾਕਟਰ ਕਿਰਪਾਲ ਸਿੰਘ ਨੇ ਕਿਹਾ ਕਿ ਸਿਵਲ ਹਸਪਤਾਲਾਂ 'ਚ 280 ਕਿਸਮ ਦੀਆਂ ਦਵਾਈਆਂ ਮਰੀਜ਼ਾਂ ਨੂੰ ਮੁਫ਼ਤ ਉਪਲਬਧ ਕਰਾਈਆਂ ਜਾਣਗੀਆਂ। ਸਰਕਾਰ ਦੇ ਇਸ ਦੂਰਅੰਦੇਸ਼ੀ ਤੇ ਲੋਕ ਪੱਖੀ ਫ਼ੈਸਲੇ ਨਾਲ ਮਰੀਜ਼ਾਂ ਨੂੰ ਬਾਹਰੋਂ ਦਵਾਈ ਖਰੀਦਣ ਦੀ ਜ਼ਰੂਰਤ ਨਹੀਂ ਪਵੇਗੀ।ਇਸ ਤੋਂ ਇਲਾਵਾ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਮਸਤੂਆਣਾ ਸਾਹਿਬ ਦੀ ਡਿਸਪੈਂਸਰੀ ਬਾਬਤ ਸਟਾਫ ਪੂਰਾ ਕਰਨ ਲਈ ਤਜਵੀਜ਼ ਬਣਾ ਕੇ ਭੇਜ ਦਿੱਤੀ ਗਈ ਹੈ ਤਾਂ ਜੁ ਮਸਤੂਆਣਾ ਸਾਹਿਬ ਵਿਖੇ ਡਿਸਪੈਂਸਰੀ ਵਿੱਚ ਜਲਦੀ ਹੀ ਸਟਾਫ਼ ਪੂਰਾ ਕਰਕੇ ਉਹਨੂੰ ਵਧੀਆ ਤਰੀਕੇ ਨਾਲ ਸ਼ਰਧਾਲੂਆਂ ਤੇ ਆਲੇ-ਦੁਆਲੇ ਦੇ ਪਿੰਡਾਂ ਨੂੰ ਸਹੂਲਤ ਮੁੱਹਈਆ ਕਰਾਈ ਜਾ ਸਕੇ।

ਵਿੱਦਿਆ ਦੀ ਗਾਰੰਟੀ ਲਈ ਪਾਰਲੀਮੈਂਟ ਮਾਰਚ 'ਚ ਵਿਦਿਆਰਥੀ ਵੱਡੀ ਗਿਣਤੀ 'ਚ ਹਿੱਸਾ ਲੈਣਗੇ : ਧਰਮੂ ਵਾਲਾ, ਨੀਰਜ

ਜਲਾਲਾਬਾਦ (ਰਣਬੀਰ ਕੌਰ ਢਾਬਾਂ/ਜੀਤ ਕੁਮਾਰ)

ਦੇਸ਼ ਦੀ ਪਹਿਲੀ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਸੁਤੰਤਰ ਭਵਨ ਵਿਖੇ ਜ਼ਿਲ੍ਹਾ ਮੀਤ ਪ੍ਰਧਾਨ ਨੀਰਜ਼ ਫਾਜ਼ਿਲਕਾ ਤੇ ਜ਼ਿਲ੍ਹਾ ਆਗੂ ਹੈਪੀ ਗੰਜੂਆਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਇਸ ਮੀਟਿੰਗ ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਰਮਨ ਧਰਮੂ ਵਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਉਕਤ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੀ ਕੌਮੀ ਸਿੱਖਿਆ ਨੀਤੀ ਖਿਲਾਫ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਕੀਤੇ ਜਾ ਰਹੇ ਦਿੱਲੀ ਪਾਰਲੀਮੈਂਟ ਮਾਰਚ ਵਿੱਚ ਜ਼ਿਲ੍ਹਾ ਫਾਜ਼ਿਲਕਾ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਸ਼ਮੂਲੀਅਤ ਕਰਨਗੇ, ਜਿਸ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਅੱਗੇ ਕਿਹਾ ਜਦੋਂ ਤੋਂ ਕੇਂਦਰ ਵਿੱਚ ਮੋਦੀ ਅਗਵਾਈ ਵਾਲੀ ਬੀ ਜੇ ਪੀ ਦੀ ਸਰਕਾਰ ਸੱਤਾ ਵਿੱਚ ਆਈ ਹੈ, ਉਦੋਂ ਤੋਂ ਵਿਦਿਆਰਥੀਆਂ ਤੋਂ ਵਿੱਦਿਆ ਦਾ ਹੱਕ ਖੋਹਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਅਤੇ ਮੋਦੀ ਸਰਕਾਰ ਵੱਲੋਂ ਲਿਆਂਦੀ ਨਵੀਂ ਸਿੱਖਿਆ ਨੀਤੀ 2020 ਹਰ ਆਮ ਵਰਗ ਤੇ ਗਰੀਬ ਵਰਗ ਨੂੰ ਵਿੱਦਿਆ ਦੇਣ ਤੋਂ ਸਾਫ ਇਨਕਾਰੀ ਹੈ।ਉਨ੍ਹਾਂ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਿੱਖਿਆ ਬਚਾਉਣ ਲਈ ਲੜਿਆ ਜਾ ਰਿਹਾ ਸੰਘਰਸ਼ ਕੇਂਦਰ ਸਰਕਾਰ ਦੀਆਂ ਕੋਝੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਵੇਗਾ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ, ਸੌਰਵ ਢਾਬਾ, ਆਸ਼ੂ ਕਰਨੀ ਖੇੜਾ, ਆਈ ਟੀ ਆਈ ਫਾਜ਼ਿਲਕਾ ਦੇ ਪ੍ਰਧਾਨ ਆਸ਼ੀਸ਼ ਫਾਜ਼ਿਲਕਾ, ਰਾਜਵਿੰਦਰ ਸਿੰਘ, ਹਰਪ੍ਰੀਤ ਸਿੰਘ, ਬੌਵੀ ਸਿੰਘ, ਸੁਮਿਤ ਸਿੰਘ, ਉਦੇ ਕਰਨੀ ਖੇੜਾ ਆਦਿ ਆਗੂ ਹਾਜ਼ਰ ਸਨ।

ਬੀ ਕੇ ਯੂ ਏਕਤਾ ਸਿੱਧੂਪੁਰ ਵੱਲੋਂ 6 ਦੀ ਬਰਨਾਲਾ ਰੈਲੀ ਸੰਬੰਧੀ ਲਾਮਬੰਦੀ ਲਈ ਪਿੰਡਾਂ 'ਚ ਮੀਟਿੰਗਾਂ

ਮੁਕਤਸਰ (ਸ਼ਮਿੰਦਰਪਾਲ, ਪੂਜਾ)

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਜਥੇਬੰਦੀ ਬਲਾਕ ਮਲੋਟ ਦੇ ਪਿੰਡਾਂ ਦੇ ਕਿਸਾਨ ਵੀਰਾਂ ਨੂੰ ਆਉਣ ਵਾਲੀ ਛੇ ਜਨਵਰੀ ਨੂੰ ਬਰਨਾਲਾ ਵਿਖੇ ਹੋਣ ਵਾਲੀ ਕਿਸਾਨ ਰੈਲੀ ਦੇ ਸਬੰਧ ਵਿੱਚ ਮੀਟ

2-JAN-PAGE-8.qxd 1/1/2024 10:08 PM Page 1

ਰੇਲਵੇ ਜ਼ਮੀਨ ਗ੍ਰਹਿਣ ਮਾਮਲਾ

ਮਾਲਕਾਂ ਵੱਲੋਂ ਜਥੇਬੰਦਕ ਸੰਘਰਸ਼ ਦੀ ਚੇਤਾਵਨੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਇੱਥੇ ਕੰਢੀ ਏਰੀਆ ਰੇਲਵੇ ਪ੍ਰਭਾਵਿਤ ਸੰਘਰਸ਼ ਕਮੇਟੀ ਦੇ ਬੈਨਰ ਹੇਠਾਂ ਹੱਡ ਚੀਰਵੀਂ ਠੰਡ 'ਚ ਭਰਵੀਂ ਇਕੱਤਰਤ ਕੀਤੀ ਗਈ। ਸਰਪੰਚ ਅਸ਼ਵਨੀ ਕੁਮਾਰ, ਲੰਬੜਦਾਰ ਸੰਜੀਵ ਬੱਲੂ ਅਤੇ ਸਰਪੰਚ ਸੁਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਹੋਏ ਇਕੱਠ 'ਚ ਵੱਖ ਵੱਖ ਪਿੰਡਾਂ ਦੇ ਇਕੱਤਰ ਹੋਏ ਜ਼ਮੀਨ ਮਾਲਕਾਂ ਨੇ ਤਜਵੀਜ਼ਤ ਰੇਲਵੇ ਲਾਈਨ ਨੰਗਲ ਡੈਮ ਤਲਵਾੜਾ ਵਾਇਆ ਊਨਾ ਲਈ ਖ਼ੇਤਰ 'ਚ ਘੱਟ ਰੇਟਾਂ 'ਤੇ ਗ੍ਰਹਿਣ ਕੀਤੀ ਜਾ ਰਹੀ ਜ਼ਮੀਨ ਦਾ ਸਖ਼ਤ ਸ਼ਬਦਾਂ 'ਚ ਵਿਰੋਧ ਕੀਤਾ। ਸੇਵਾਮੁਕਤ ਕੈਪਟਨ ਸੁਨੀਲ ਕੁਮਾਰ ਕਰਟੌਲੀ ਨੇ ਦਸਿਆ ਕਿ ਸਰਕਾਰ ਵੱਲੋਂ ਸਰਹੱਦੀ ਪਿੰਡ ਭਟੋਲੀ, ਭਵਨੌਰ, ਰਾਮਗੜ੍ਹ ਸੀਕਰੀ, ਨੰਗਲ ਖਨੌੜਾ ਅਤੇ ਕਰਟੌਲੀ ਵਿਚ ਵਾਧੂ ਜ਼ਮੀਨ ਗ੍ਰਹਿਣ ਲਈ ਜੋ ਨੋਟੀਫਿਕੇਸ਼ਨ ਜ਼ਾਰੀ ਕੀਤਾ ਗਿਆ ਹੈ, ਉਸ ਨਾਲ ਉਹ ਸਹਿਮਤ ਨਹੀਂ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਪਿਛਲੇ ਦਿਨੀਂ ਸੰਘਰਸ਼ ਕਮੇਟੀ ਦੇ ਵਫ਼ਦ ਨਾਲ ਹੋਈਆਂ ਮੀਟਿੰਗਾਂ ਦੌਰਾਨ ਨਵੇਂ ਅਵਾਰਡ 'ਚ ਮੌਜੂਦਾ ਕੁਲੈਕਟਰ ਰੇਟ 'ਤੇ ਜ਼ਮੀਨ ਦੇ ਭਾਅ ਦੇਣ ਦਾ ਭਰੋਸਾ ਦਿੱਤਾ ਸੀ। ਪਰ ਪ੍ਰਸ਼ਾਸਨ ਨੇ ਜੋ ਨੋਟੀਫਿਕੇਸ਼ਨ ਦਾ ਇਸ਼ਤਿਹਾਰ ਕੰਢੀ ਖ਼ੇਤਰ 'ਚ ਨਾਮਾਤਰ ਪੜ੍ਹੀ ਜਾਣ ਵਾਲੀ ਅਖਬਾਰ ਵਿਚ ਦਿੱਤਾ ਹੈ, ਉਸ ਤਹਿਤ ਪਹਿਲਾਂ ਹੋਏ ਅਵਾਰਡ ਤੋਂ ਮਹਿਜ਼ 20 ਫੀਸਦੀ ਵਾਧਾ ਕੀਤਾ ਗਿਆ ਹੈ। ਜਿਸ ਨੂੰ ਜ਼ਮੀਨ ਮਾਲਕਾਂ ਨੇ ਮੁੱਢੋਂ ਹੀ ਖਾਰਜ ਕਰ ਦਿੱਤਾ ਹੈ। ਬੁਲਾਰਿਆਂ ਨੇ ਦਸਿਆ ਕਿ ਸਰਕਾਰ ਉਨ੍ਹਾਂ ਤੋਂ 66 ਇੰਚ ਦੀ ਕਰਮ ਦੇ ਹਿਸਾਬ ਨਾਲ ਹੈਕਟੇਅਰਾਂ 'ਚ ਜ਼ਮੀਨ ਗ੍ਰਹਿਣ ਕਰ ਰਹੀ ਹੈ, ਜਦਕਿ ਮਹਿਕਮਾ ਮਾਲ ਵੱਲੋਂ ਕੰਢੀ ਖ਼ੇਤਰ 'ਚ ਸਾਢੇ 57 ਇੰਚ ਦੀ ਕਰਮ ਨਾਲ ਪੈਮਾਇਸ਼ ਕੀਤੀ ਜਾਂਦੀ ਹੈ। ਇਸ ਮੌਕੇ ਹਾਜ਼ਰ ਜ਼ਮੀਨ ਮਾਲਕਾਂ ਨੇ ਸਰਕਾਰ ਤੋਂ ਮੌਜੂਦਾ ਕੁਲੈਕਟਰ ਰੇਟਾਂ 'ਤੇ ਜ਼ਮੀਨ ਦਾ ਭਾਅ ਨਿਰਧਾਰਿਤ ਕਰਨ, ਸਟੇਟ ਹਾਈਵੇ ਤੋਂ ਦੋ ਕਿਲੇ ਅੰਦਰ ਪੈਂਦੀ ਜ਼ਮੀਨ ਦਾ ਕਮਰਸ਼ਿਅਲ ਰੇਟ ਦੇਣ, ਜ਼ਮੀਨ ਗ੍ਰਹਿਣ ਤੋਂ ਪਹਿਲਾਂ ਸਬੰਧਤ ਜ਼ਮੀਨ ਦੀ ਮੌਜੂਦਾ ਕਿਸਮ ਦਰਜ ਕਰਨ ਆਦਿ ਦੀ ਮੰਗ ਕੀਤੀ। ਇਸ ਮੌਕੇ 'ਤੇ ਹਾਜ਼ਰ ਲੋਕਾਂ ਨੇ ਮੌਜੂਦਾ ਕੁਲੈਕਟਰ ਰੇਟਾਂ ਤੋਂ ਘੱਟ ਭਾਅ 'ਤੇ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਮੰਗਾਂ ਨਾ ਮੰਨੇ ਜਾਣ 'ਤੇ ਜਥੇਬੰਦਕ ਸੰਘਰਸ਼ ਦੀ ਚੇਤਾਵਨੀ ਦਿੱਤੀ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਮਾਸਟਰ ਕੁੰਦਨ ਲਾਲ ਟੋਹਲੂ, ਰਣਬੀਰ ਸਿੰਘ ਹਲੇਡ ?, ਜਸਵੰਤ ਸਿੰਘ, ਯਸ਼ਪਾਲ ਸਿੰਘ ਤੇ ਜੀਤ ਸਿੰਘ ਭੋਂਬੋਤਾ ਡਾ. ਬਖਸ਼ੀਸ਼ ਸਿੰਘ ਰਜਵਾਲ, ਗੁਰਦਾਸ ਰਾਮ ਨੰਗਲ ਖਨੌਡ ?ਾ, ਰਿਤੇਸ਼ ਸ਼ਰਮਾ ਭਟੇਡ ?, ਬਲਦੇਵ ਸਿੰਘ ਤਲਵਾੜਾ ਆਦਿ ਨੇ ਵੀ ਸੰਬੋਧਨ ਕੀਤਾ।

ਕਾਮਰੇਡ ਧੰਨਾ ਸਿੰਘ ਫ਼ੌਜੀ ਦੀ ਪਹਿਲੀ ਬਰਸੀ ਮਨਾਈ

ਬਹਿਰਾਮ (ਅਵਤਾਰ ਕਲੇਰ) ਸੀ ਪੀ ਆਈ (ਐਮ) ਦੇ ਪੁਰਾਣੇ ਆਗੂ ਕਾਮਰੇਡ ਧੰਨਾ ਸਿੰਘ ਫ਼ੌਜੀ ਦੀ ਪਹਿਲੀ ਬਰਸੀ ਪਿੰਡ ਤਲਵੰਡੀ ਜੱਟਾਂ ਵਿਖੇ ਮਨਾਈ ਗਈ।ਸੀ ਪੀ ਆਈ ਐਮ ਤਹਿਸੀਲ ਬੰਗਾ ਦੇ ਸਕੱਤਰ ਕੁਲਦੀਪ ਝਿੰਗੜ ਨੇ ਦੱਸਿਆ ਕਿ ਕਾਮਰੇਡ ਫੌਜੀ 1975 ਤੋਂ ਲੈ ਕੇ 2022 ਤੱਕ ਪਾਰਟੀ ਦੇ ਕੰਮਾਂ ਨੂੰ ਪੂਰੀ ਦ੍ਰਿੜਤਾ, ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਕਰਦੇ ਰਹੇ ਹਨ। ਸਾਥੀ ਨੇ 1975 ਦੀ ਐਮਰਜੈਂਸੀ ਦੇ ਖਿਲਾਫ ਅਤੇ ਅੱਤਵਾਦ ਵੱਖਵਾਦ ਦੇ ਖਿਲਾਫ ਪਾਰਟੀ ਅਤੇ ਸੀਟੂ ਦੀਆਂ ਮੁਹਿੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ । ਸਾਥੀ ਫੌਜੀ ਨੇ ਕਾਮਰੇਡ ਰਛਪਾਲ ਸਿੰਘ ਲੁਧਿਆਣਾ ਗੁਰਦੇਵ ਸਿੰਘ ਸਰਾਭਾ, ਜਤਿੰਦਰ ਪਾਲ ਸਿੰਘ, ਕਾਮਰੇਡ ਸੁਖਵਿੰਦਰ ਸਿੰਘ ਸੇਖੋਂ,ਗੁਰਮੇਜ ਸਿੰਘ ਮੰਢਾਲੀ ਅਤੇ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਅਗਵਾਈ ਹੇਠ ਕੰਮ ਕੀਤਾ।ਉਨ੍ਹਾਂ ਦੀ ਪਹਿਲੀ ਬਰਸੀ ਮੌਕੇ 'ਤੇ ਉਨ੍ਹਾਂ ਦੁਆਰਾ ਚੁੱਕੇ ਗਏ ਕਿਰਤੀ ਵਰਗ ਦਾ ਲਾਲ ਝੰਡਾ ਝੁਲਾਇਆ ਗਿਆ। ਸਾਥੀ ਝਿੰਗੜ ਨੇ ਕਿਹਾ ਕਿ ਇਸ ਲਾਲ ਝੰਡੇ ਨੂੰ ਸਾਥੀ ਫੌਜੀ ਨੇ ਹਮੇਸ਼ਾਂ ਉੱਚਾ ਰੱਖਿਆ ਅਤੇ ਅਸੀਂ ਵੀ ਇਹੀ ਪ੍ਰਣ ਕਰਦੇ ਹਾਂ ਕਿ ਇਸ ਝੰਡੇ ਦੀ ਹਮੇਸ਼ਾ ਰੱਖਿਆ ਲਈ ਲੋਕਾਂ ਦੇ ਕਾਰਜ ਸੰਵਾਰਨ ਲਈ ਵਚਨਬੱਧ ਰਹਾਂਗੇ।ਇਸ ਮੌਕੇ 'ਤੇ ਸੁਨੀਤਾ ਤਲਵੰਡੀ, ਲਖਵਿੰਦਰ ਸਿੰਘ, ਜਸਵਿੰਦਰ ਪਾਲ ਬਲਵਾਨ ਸੁਸ਼ੀਲ ਕੁਮਾਰ, ਅਮਰਜੀਤ ਰਾਮ ਚੱਕਗੁਰੂ ਤੇ ਕਾਮਰੇਡ ਫੌਜੀ ਦੇ ਪਰਵਾਰ ਦੇ ਮੈਂਬਰ ਗੁਰਜੀਤ ਕੌਰ, ਅਨਮੋਲ, ਸ਼ਮਸ਼ੇਰ ਸਿੰਘ ਅਤੇ ਅਭਿਸ਼ੇਕ ਸਿੰਘ ਹਾਜ਼ਰ ਸਨ।

ਜੀ ਆਰ ਡੀ ਸਿੱਖਿਆ ਸੰਸਥਾਵਾਂ ਵਿਖੇ ਸਰਬੱਤ ਦੇ ਭਲੇ ਲਈ ਸਮਾਗਮ ਕਰਵਾਇਆ

ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ)-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ , ਜੀ.ਆਰ.ਡੀ ਇੰਟਰਨੈਸ਼ਨਲ ਸਕੂਲ ਅਤੇ ਜੀ.ਆਰ.ਡੀ ਪੈਰਾ ਮੈਡੀਕਲ ਸਾਇੰਸਜ ਵਿਖੇ ਨਵੇਂ ਵਰੇ ਨੂੰ ਜੀ ਆਇਆ ਕਹਿਣ ਲਈ ਇੱਕ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਸੰਸਥਾ ਦੀ ਚੇਅਰਪਰਸਨ ਪ੍ਰਦੀਪ ਕੌਰ, ਐਮ. ਡੀ ਵਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਦੇਖ-ਰੇਖ ਹੇਠ ਹੋਏ। ਸਮਾਗਮ ਸਭ ਤੋਂ ਪਹਿਲਾਂ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੇ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ।ਇਸ ਮੌਕੇ ਮੈਨੇਜਰ ਸਰਬਜੀਤ ਸਿੰਘ ਮੂਨਕਾ, ਪ੍ਰਿੰਸੀਪਲ ਰੇਨੂ ਬਾਲਾ ਤੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਨਵੇਂ ਵਰ੍ਹੇ ਦੀ ਮੁਬਾਰਕਬਾਦ ਦਿੰਦੇ ਹੋਏ ਖੁਸ਼ੀਆਂ ਸਾਂਝੀਆਂ ਕੀਤੀਆਂ।ਇਸ ਮੌਕੇ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ, ਐਡਮਿਸ਼ਨ ਇੰਚਾਰਜ ਲਵਲੀ ਸੈਣੀ, ਪ੍ਰਬੰਧਕ ਦਲਜਿੰਦਰ ਕੌਰ, ਮਨਦੀਪ ਕੌਰ, ਮਨਮੀਤ ਕੌਰ, ਹਰਲੀਨ ਕੌਰ, ਜਸਲੀਨ ਕੌਰ, ਰੀਨਾ ਰਾਣੀ, ਪ੍ਰਭਜੋਤ ਕੌਰ, ਅਮਨਦੀਪ ਕੌਰ, ਬਲਜੀਤ ਕੌਰ, ਤਜਿੰਦਰ ਕੌਰ, ਗੁਰਪ੍ਰੀਤ ਕੌਰ, ਰਾਜਵਿੰਦਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਸਿਮਰਨ ਕੌਰ, ਸਿਮਰਜੀਤ ਕੌਰ, ਹਰਿਦਰ ਕੌਰ, ਰਜਨੀ ਸੈਣੀ, ਸੀਮਾ ਜਾਜਾ, ਨਿਸ਼ਾ ਰਾਣੀ, ਪਿੰਕੀ ਚੌਧਰੀ, ਕਸ਼ਮੀਰ ਕੌਰ, ਸਿਮਰਨਜੀਤ ਕੌਰ ਵੀ ਹਾਜ਼ਰ ਸਨ।

ਡੈਮੋਕ੍ਰੇਟਿਕ ਦਰਜਾ-ਚਾਰ ਮੁਲਾਜ਼ਮ ਯੂਨੀਅਨ ਦੀ ਚੋਣ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਿਵਲ ਹਸਪਤਾਲ ਦਸੂਹਾ ਵਿਖੇ ਡੇਮੋਕ੍ਰੇਟਿਕ ਦਰਜਾ-ਚਾਰ ਮੁਲਾਜਮ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਦੀ ਅਗਵਾਈ ਹੇਠ ਕੀਤੀ ਗਈ।

ਜਿਸ ਵਿਚ ਪ੍ਰਮੋਦ ਗਿੱਲ ਜਿਲਾ ਪ੍ਰਧਾਨ ਡੀ. ਐਮ.ਐਫ, ਰੋਸ਼ਨ ਜ਼ਿਲ੍ਹਾ ਪ੍ਰਧਾਨ ਟੈਕਨੀਕਲ ਤੇ ਮਕੈਨੀਕਲ ਯੂਨੀਅਨ ਅਤੇ ਇੰਦੂ ਰਾਣਾ ਜ਼ਿਲ੍ਹਾ ਪ੍ਰਧਾਨ ਡੇਮੋਕ੍ਰੇਟਿਕ ਆਸ਼ਾ ਵਰਕਰ ਤੇ ਫੇਸਿਲੀਟੇਟਰ ਯੂਨੀਅਨ ਹੁਸ਼ਿਆਰਪੁਰ ਪਹੁੰਚੇ। ਸਰਵਸੰਮਤੀ ਨਾਲ ਡੇਮੋਕ੍ਰੇਟਿਕ ਦਰਜਾ-ਚਾਰ ਮੁਲਾਜਮ ਯੂਨੀਅਨ ਬਲਾਕ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਚੋਣ ਕੀਤੀ ਗਈ। ਜਿਸ ਵਿਚ ਬਲਾਕ ਪ੍ਰਧਾਨ ਸੁਰਿੰਦਰ ਪਾਲ, ਜਸਵੀਰ ਕੌਰ ਸਕੱਤਰ ਅਤੇ ਰਾਜਨ ਨੂੰ ਵਿੱਤ ਸਕੱਤਰ ਚੁਣਿਆ ਗਿਆ। ਇਸ ਮੌਕੇ ਰਾਜੂ, ਗ਼ੇਸ, ਰਕੇਸ਼ ਕੁਮਾਰ, ਅਮਰਜੀਤ ਕੌਰ, ਕੁਲਦੀਪ ਕੌਰ, ਧਰਮਪਾਲ ਅਤੇ ਆਕਾਸ਼ ਆਦਿ ਹਾਜਰ ਸਨ।

ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਨਵੇਂ ਸਾਲ-2024 'ਤੇ ਪਰਵਾਰਕ ਮਿਲਣੀ

ਰੂਪਨਗਰ : ਸਮਾਜ ਸੇਵੀ ਸੰਸਥਾ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਨਵੇਂ ਸਾਲ-2024 ਦੇ ਆਗਮਨ 'ਤੇ ਬੀਤੀ ਕੱਲ੍ਹ ਪਿੰਡ ਟਿੱਬਾ ਨੰਗਲ ਵਿੱਖੇ ਬਣਾਏ ਗਏ ਵਿਰਾਸਤੀ ਫਾਰਮ ਬਰੋਟਾ ਵਿਖੇ ਪਰਵਾਰਕ ਮਿਲਣੀ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਬਰੋਟਾ ਫਾਰਮ ਵਿੱਚ ਸਜਾਈਆਂ ਵਰਾਸਤੀ ਵਸਤਾਂ ਵੇਖੀਆਂ। ਇਸ ਮੌਕੇ ਸੰਸਥਾਂ ਦੇ ਪ੍ਰਬੰਧਕਾਂ ਨੇ ਇਕ ਦੂਜੇ ਨਾਲ ਨਵੇਂ ਸਾਲ ਦੀਆ ਸ਼ੁਭਕਾਮਨਾਵਾਂ ਸਾਂਝੀਆਂ ਕੀਤੀਆਂ ਅਤੇ ਨਵੇਂ ਸਾਲ ਦੌਰਾਨ ਸਮਾਜ ਸੇਵਾ ਪ੍ਰਤੀ ਹੋਰ ਵਧੇਰੇ ਲਗਨ, ਮੇਹਨਤ ਅਤੇ ਪ੍ਰੇਮ ਭਾਵ ਨਾਲ ਕੰਮ ਕਰਨ ਲਈ ਆਪਣਾ ਦ੍ਰਿੜ ਸੰਕਲਪ ਦੁਹਰਾਇਆ। ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਕਿਹਾ ਕਿ ਸੰਸਥਾ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਕੰਮਾਂ ਬਾਰੇ ਵਿਚਾਰ ਪੇਸ਼ ਕੀਤ ਅਤੇ ਸਮਾਜ ਦੇ ਲੋਕਾਂ ਵਲੋਂ ਮਿਲ ਰਹੇ ਸਹਿਯੋਗ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੰਸਥਾਂ ਦੇ ਵਿਕਾਸ ਲਈ ਮੈਂਬਰ ਲੋਕ ਸਭਾ ਮੁਨੀਸ਼ ਤਿਵਾੜੀ ਵਲੋਂ 5 ਲੱਖ ਰੁਪਏ ਅਤੇ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਵਲੋਂ 2.50 ਲੱਖ ਰੁਪਏ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੰਸਥਾ ਦੇ ਮੈਗਜ਼ੀਨ "ਸੈਣੀ ਸੰਸਾਰ" ਦਾ 51ਵਾਂ ਅੰਕ 6 ਜਨਵਰੀ 2024 ਨੂੰ ਜਾਰੀ ਕੀਤਾ ਜਾ ਰਿਹਾ ਹੈ। ਇਸੇ ਦਿਨ ਸੰਸਥਾਂ ਵਲੋਂ ਸਮਾਜ ਸੇਵਾ ਦੇ ਪ੍ਰੋਗਰਾਮ ਤਹਿਤ 21ਵਾਂ ਖ਼ੂਨਦਾਨ ਕੈਂਪ ਵੀ ਸੈਣੀ ਭਵਨ 'ਚ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸਮੂਹ ਮੈਂਬਰਾਂ ਦੇ ਸੰਸਥਾ ਦੇ ਲੋਕ ਭਲਾਈ ਕੰਮਾਂ ਨੂੰ ਹੋਰ ਵਧੇਰੇ ਨਿਖਾਰਣ ਲਈ ਆਪਣੇ ਵਿਚਾਰ ਰੱਖੇ। ਇਸ ਮੌਕੇ 'ਤੇ ਸੰਸਥਾ ਦੇ ਅਹੁਦੇਦਾਰ ਤੇ ਮੈਂਬਰ ਬਲਬੀਰ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਦੇਵਿੰਦਰ ਸਿੰਘ ਜਟਾਣਾ, ਰਾਜਿੰਦਰ ਸੈਣੀ, ਰਾਮ ਸਿੰਘ ਸੈਣੀ, ਅਮਰਜੀਤ ਸਿੰਘ, ਬਹਾਦਰਜੀਤ ਸਿੰਘ, ਡਾ. ਜਸਵੰਤ ਕੌਰ, ਰਾਜਿੰਦਰ ਸਿੰਘ ਨਨੂਆ, ਇੰਜ. ਹਰਜੀਤ ਸਿੰਘ ਸੈਣੀ, ਸੁਰਿੰਦਰ ਸਿੰਘ, ਰਾਜਿੰਦਰ ਸਿੰਘ ਗਿਰਨ, ਦਲਜੀਤ ਸਿੰਘ, ਹਰਦੀਪ ਸਿੰਘ, ਦਰਸ਼ਨ ਸਿੰਘ ਆਦਿ ਤੋਂ ਇਲਾਵਾ ਸਭ ਦੇ ਪਰਵਾਰ ਹਾਜ਼ਰ ਸਨ।

ਬਾਬਾ ਅਜੀਤ ਸਿੰਘ ਹੰਸਾਲੀ ਵਾਲੇ ਤੇ ਬਾਬਾ ਹਰਬੰਸ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ

ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ): ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸੱਚ ਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਅਤੇ ਕਾਰ ਸੇਵਾ ਦੇ ਪੁੰਜ ਸੱਚ ਖੰਡ ਵਾਸੀ ਜੱਥੇਦਾਰ ਬਾਬਾ ਹਰਬੰਸ ਸਿੰਘ ਜੀ ਦੀ ਮਿੱਠੀ ਅਤੇ ਨਿੱਘੀ ਯਾਦ ਵਿੱਚ ਗੁਰਮਤਿ ਸਮਾਗਮ ਦਾ ਆਯੋਜਨ ਕਰਵਾਇਆ ਗਿਆ । ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ।ਇਸ ਗੁਰਮਤਿ ਸਮਾਗਮ ਵਿੱਚ ਭਾਈ ਓਂਕਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਇੰਨਟਰਨੈਸ਼ਨਲ ਢਾਡੀ ਜੱਥੇ ਨੇ ਜੱਥੇਦਾਰ ਬਾਬਾ ਹਰਬੰਸ ਸਿੰਘ ਦੇ ਬਿਰਧ ਉਮਰ ਵਿੱਚ ਵੀ ਸੇਵਾ ਦੇ ਜਜਬੇ ਅਤੇ ਪੰਥ ਪ੍ਰਤੀ ਕੀਤੀਆਂ ਅਮੁੱਲੀਆਂ ਕਾਰ ਸੇਵਾਵਾਂ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਜਾਣੂੰ ਕਰਵਾਇਆ । ਭਾਈ ਸਤਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਜੋਗਿੰਦਰ ਸਿੰਘ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਵਾਲਿਆਂ ਨੇ ਸੱਚਖੰਡ ਵਾਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਜੀਵਨ ਬ੍ਰਿਤਾਂਤ ਅਤੇ ਕੀਤੀਆਂ ਮਹਾਨ ਸੇਵਾਵਾਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਸਤਿੰਦਰਪਾਲ ਸਿੰਘ ਲੁਧਿਆਣੇ ਵਾਲੇ, ਭਾਈ ਇਕਬਾਲ ਸਿੰਘ ,ਭਾਈ ਪਰਮਿੰਦਰ ਸਿੰਘ , ਭਾਈ ਮਨਜਿੰਦਰ ਸਿੰਘ , ਭਾਈਅਲੰਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ, ਭਾਈ ਦਵਿੰਦਰ ਸਿੰਘ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਭਾਈ ਨਿਤਿਨ ਸਿੰਘ , ਭਾਈ ਕੁਲਦੀਪ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਹਰਬਖਸ਼ ਸਿੰਘ, ਭਾਈ ਜਰਨੈਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੇ ਜੱਥਿਆਂ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ। ਸੰਗਤਾਂ ਨੇ ਬੜੀ ਸ਼ਰਧਾ ਭਾਵਨਾ-ਉਤਸ਼ਾਹ ਨ

2-JAN-PAGE-9.qxd 1/1/2024 10:07 PM Page 1

ਟਰੱਕ ਚਾਲਕਾਂ ਨੇ ਕੀਤਾ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਚੱਕਾ ਜਾਮ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਕੇਂਦਰ ਸਰਕਾਰ ਵੱਲੋਂ ਡਰਾਇਵਰਾਂ ਖਿਲਾਫ ਬਣਾਏ ਗਏ ਸਖਤ ਕੇਂਦਰੀ ਕਾਨੂੰਨ ਦੇ ਵਿਰੋਧ 'ਚ ਟਰੱਕ ਆਪ੍ਰੇਟਰਾਂ ਨੇ ਅੱਡਾ ਕਾਹਨਪੁਰ ਖੂਹੀ ਵਿਖੇ ਅਣਮਿਥੇ ਸਮੇਂ ਲਈ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਚੱਕਾ ਜਾਮ ਕਰ ਦਿੱਤਾ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਸੜਕ ਹਾਦਸਿਆਂ 'ਚ ਜਾ ਰਹੀਆਂ ਕੀਮਤੀ ਜਾਨਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਾਲ ਹੀ 'ਚ ਇਕ ਬੇਹੱਦ ਸਖਤ ਕਾਨੂੰਨ ਬਣਾਇਆ ਗਿਆ ਹੈ । ਜਿਸਦੇ ਤਹਿਤ ਹਾਦਸਾ ਵਾਪਰਨ 'ਤੇ ਸਬੰਧਿਤ ਵਾਹਨ ਚਾਲਕ ਵੱਲੋਂ ਪੀੜਤ ਵਿਅਕਤੀ ਨੂੰ ਹਸਪਤਾਲ ਵਿਖੇ ਭਰਤੀ ਕਰਵਾਉਣਾ ਹੋਵੇਗਾ ਅਤੇ ਅਗਰ ਕਿਸੀ ਦੀ ਇਸ ਹਾਦਸੇ 'ਚ ਜਾਨ ਚਲੀ ਜਾਵੇਗੀ ਤਾਂ ਇਸ ਨਵੇਂ ਕਾਨੂੰਨ ਤਹਿਤ ਉਕਤ ਜਿੰਮੇਵਾਰ ਚਾਲਕ ਲਈ 10 ਸਾਲ ਦੀ ਸਜਾ ਅਤੇ 5 ਲੱਖ ਰੁਪਏ ਦੇ ਭਾਰੀ ਜੁਰਮਾਨੇ ਦੀ ਸਖਤ ਵਿਵਸਥਾ ਕੀਤੀ ਗਈ ਹੈ ।

ਟਰੱਕ ਆਪ੍ਰੇਟਰਾਂ ਨੇ ਆਖਿਆ ਕਿ ਅਜਿਹੇ ਨਾਦਰਸ਼ਾਹੀ ਫਰਮਾਨ ਦੀ ਦੁਨੀਆ ਦੇ ਕਿਸੀ ਵੀ ਦੇਸ਼ 'ਚ ਮਿਸਾਲ ਨਹੀਂ ਮਿਲਦੀ ਹੈ । ਜਿਸ ਨੂੰ ਅਮਲ 'ਚ ਲਿਆਉਣ ਤੋਂ ਪਹਿਲਾਂ ਨਾ ਹੀ ਵਾਹਨ ਚਾਲਕਾਂ ਦੀ ਸਲਾਹ ਲਈ ਗਈ ਅਤੇ ਨਾ ਹੀ ਟਰੱਕ ਆਪ੍ਰੇਟਰਾਂ ਨਾਲ ਸਬੰਧਿਤ ਕਿਸੀ ਸੰਗਠਨ ਤੋਂ ਉਨ੍ਹਾਂ ਦੇ ਵਿਚਾਰ ਜਾਨਣ ਦੀ ਕੋਸ਼ਿਸ਼ ਹੀ ਕੀਤੀ ਗਈ ਹੈ । ਉਨ੍ਹਾਂ ਆਖਿਆ ਕਿ ਡ੍ਰਾਇਵਰੀ ਇਕ ਜੋਖਿਮ ਭਰਿਆ ਕੰਮ ਹੈ ਜੋ ਇਸ ਕਾਰਜ ਲਈ ਦੇਸ਼ 'ਚ ਜੁਟੇ ਹੋਏ ਹਨ । ਮਗਰ ਇਸਦੇ ਬਾਵਜੂਦ ਉਕਤ ਕਾਨੂੰਨ ਬਣਾ ਕੇ ਉਨ੍ਹਾਂ ਦੇ ਸਨਮਾਨ ਨੂੰ ਠੇਸ ਪਹੁੰਚਾਈ ਗਈ ਹੈ । ਟਰੱਕ ਆਪ੍ਰੇਟਰਾਂ ਨੇ ਗੁੱਸਾ ਜਾਹਿਰ ਕਰਦਿਆਂ ਕਿਹਾ ਕਿ ਕੋਰੋਨਾ ਕਾਲ ਜਾਂ ਜੰਗ ਦੇ ਹਾਲਾਤਾਂ 'ਚ ਇਹੋ ਡਰਾਇਵਰ ਭਾਈਚਾਰਾ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ 'ਚ ਆਪਣਾ ਵਡਮੁੱਲਾ ਯੋਗਦਾਨ ਪਾਉਂਦਾ ਰਿਹਾ ਹੈ । ਜਿਸ ਨੂੰ ਕਿ ਹੁਣ ਉਕਤ ਕਾਨੂੰਨ ਦੇ ਦਾਇਰੇ 'ਚ ਲਿਆ ਕੇ ਸੜਕਾਂ 'ਤੇ ਚੱਲਣ ਦੀ ਬਜਾਏ ਘਰ ਬੈਠਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ । ਉਨ੍ਹਾਂ ਆਖਿਆ ਕਿ ਅਗਰ ਕੇਂਦਰ ਸਰਕਾਰ ਨੇ ਉਕਤ ਕਾਨੂੰਨ ਨੂੰ ਵਾਪਿਸ ਨਾ ਲਿਆ ਤਾਂ ਸਮੁੱਚੇ ਦੇਸ਼ 'ਚ ਉਹ ਆਪਣਾ ਸੰਘਰਸ਼ ਹੋਰ ਵੀ ਤਿੱਖਾ ਕਰਨਗੇ ।

ਇਸ ਮੌਕੇ ਬੰਤ ਸਮੁੰਦੜੀਆਂ, ਨਰੇਸ਼ ਭਨੂੰਹਾਂ, ਦਾਸੂ ਹੈਬੋਵਾਲ, ਬੱਗੂ ਭਨੂੰਹਾਂ, ਰਾਣਾ ਨਲਹੋਟੀ, ਬਿੰਦਾ ਸਮੁੰਦੜੀਆਂ, ਬੱਗਾ ਪੰਡਿਤ ਟੱਬਾ, ਨੰਬਰਦਾਰ ਸ਼ਿੰਗਾਰਾ ਭਨੂੰਹਾਂ, ਭਿੰਦੂ ਸੇਖੋਵਾਲ, ਲੱਡੂ ਪੰਡਿਤ ਟੱਬਾ, ਰੋਸ਼ਨ ਸਮੁੰਦੜੀਆਂ, ਬਿੰਦਾ ਸਮੁੰਦੜੀਆਂ ਅਤੇ ਨਿੰਦਰ ਰੈਂਸੜਾ ਸਹਿਤ ਭਾਰੀ ਸੰਖਿਆ 'ਚ ਹਾਜ਼ਰ ਟਰੱਕ ਆਪ੍ਰੇਟਰਾਂ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਨਵੇਂ ਕਾਨੂੰਨ ਦੇ ਵਿਰੋਧ 'ਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ । ਇਸ ਦੌਰਾਨ ਟਰੱਕ ਆਪ੍ਰੇਟਰਾਂ ਨੇ ਚੱਕਾ ਜਾਮ ਨੂੰ ਅਣਦੇਖਾ ਕਰਕੇ ਸੜਕਾਂ 'ਤੇ ਚੱਲ ਰਹੇ ਕੁਝ ਟਰੱਕ ਚਾਲਕਾਂ ਨੂੰ ਰੋਕ ਕੇ ਅਤੇ ਉਨ੍ਹਾਂ ਨੂੰ ਹਾਰ ਪਹਿਨਾ ਕੇ ਸ਼ਰਮਸ਼ਾਰ ਕੀਤਾ ਗਿਆ ।

ਜਿਸ ਤੋਂ ਬਾਅਦ ਉਕਤ ਚਾਲਕ ਵੀ ਆਪਣੇ ਵਾਹਨ ਰੋਕ ਕੇ ਉਕਤ ਚੱਕਾ ਜਾਮ ਪ੍ਰੋਗਰਾਮ 'ਚ ਸ਼ਾਮਲ ਹੋਏ । ਇਸ ਦੌਰਾਨ ਧਰਨੇ 'ਤੇ ਬੈਠੇ ਟਰੱਕ ਚਾਲਕਾਂ ਨੇ ਆਖਿਆ ਕਿ ਕੁਝ ਅਜਿਹੇ ਘੱਟ ਪੜ੍ਹੇ ਲਿਖੇ ਚਾਲਕ ਵੀ ਹਨ ਜਿਨ੍ਹਾਂ ਨੂੰ ਉਕਤ ਨਵੇਂ ਬਣੇ ਕਾਨੂੰਨ ਦੀ ਜਾਣਕਾਰੀ ਨਹੀਂ ਹੈ ਅਤੇ ਕੁਝ ਚਾਲਕ ਅਜਿਹੇ ਵੀ ਹਨ ਜੋ ਆਪਣੇ ਮਾਲਕਾਂ ਦੇ ਦਬਾਅ ਹੇਠ ਸੰਘਰਸ਼ ਨੂੰ ਨਜ਼ਰਅੰਦਾਜ ਕਰਕੇ ਜਾਂ ਫਿਰ ਅਜੀਵਿਕਾ ਕਮਾਉਣ ਲਈ ਮਜ਼ਬੂਰੀਵਸ ਕੰਮ 'ਤੇ ਜੁਟੇ ਹੋਏ ਹਨ । ਉਨ੍ਹਾਂ ਕਿਹਾ ਕਿ ਅਜਿਹੇ ਟਰੱਕ ਆਪ੍ਰੇਟਰਾਂ ਨੂੰ ਵੀ ਚੱਕਾ ਜਾਮ ਪ੍ਰੋਗਰਾਮ ਦੌਰਾਨ ਰੋਕ ਕੇ ਆਪਣੇ ਸੰਘਰਸ਼ 'ਚ ਸ਼ਾਮਲ ਕੀਤਾ ਗਿਆ ।

ਇੰਡੀਆ ਇੰਟਰਨੈਸ਼ਨਲ ਸਾਇੰਸ ਫੈਸਟੀਵਲ ਲਈ ਭਰਤ ਤਲਵਾੜ ਦੀ ਹੋਈ ਚੋਣ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਨੈਸ਼ਨਲ ਇਨੋਵੇਸ਼ਨ ਫਾਊਂਡੇਸ਼ਨ ਵੱਲੋਂ ਇੰਡੀਆ ਇੰਟਰਨੈਸ਼ਨਲ ਸਾਇੰਸ ਫੈਸਟੀਵਲ 2023 ਰੀਜਨਲ ਸੈਂਟਰ ਫਾਰ ਬਾਇਓ ਟੈਕਨਾਲੋਜੀ ਫਰੀਦਾਬਾਦ ਵਿਖੇ ਕਰਵਾਇਆ ਜਾ ਰਿਹਾ ਹੈ ਅਤੇ ਨੈਸ਼ਨਲ ਪੱਧਰ 'ਤੇ ਸਾਇੰਸ ਅਧਿਆਪਕਾਂ ਦੀ ਵਰਕਸ਼ਾਪ ਲਗਾਈ ਜਾ ਰਹੀ ਹੈ ਜਿਸ 'ਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਵਿਗਿਆਨ ਵਿਸ਼ੇ ਵਿੱਚ ਨਵੀਆਂ ਪੌੜਾਂ ਪਾਉਣ ਵਾਲੇ ਅਧਿਆਪਕਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਦੇ ਸਾਇੰਸ ਅਧਿਆਪਕ ਭਾਰਤ ਤਲਵਾੜ ਦੀ ਚੋਣ ਹੋਣ ਤੇ ਇਲਾਕੇ ਦੀਆਂ ਵੱਖ ਵੱਖ ਉੱਗੀਆਂ ਸ਼ਖਸੀਤਾਂ ਅਤੇ ਸਕੂਲ ਦੇ ਸਮੂਹ ਸਟਾਫ ਤੋਂ ਇਲਾਵਾ ਮੁੱਖ ਅਧਿਆਪਕ ਜਤਿੰਦਰ ਪਾਲ ਸਿੰਘ ਨੇ ਮਾਸਟਰ ਤਲਵਾੜ ਨੂੰ ਵਧਾਈਆਂ ਦਿੰਦੇ ਹੋਏ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ। ਇੰਟਰਨੈਸ਼ਨਲ ਸਾਇੰਸ ਫੈਸਟੀਵਲ 2023 ਵਿੱਚ ਚੁਣੇ ਜਾਣ ਤੇ ਭਰਤ ਤਲਵਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਚੋਣ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਹਰਭਗਵੰਤ ਸਿੰਘ ਅਤੇ ਡੀ ਐਮ ਸਾਇੰਸ ਸੁਖਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤੋਂ ਗਾਇਡਨੈਂਸ ਪ੍ਰਾਪਤ ਕਰਨ ਤੋਂ ਇਲਾਵਾ ਪੰਜਾਬ ਦੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਵੱਲੋਂ ਸਾਇੰਸ ਪ੍ਰਤੀ ਮੇਰੇ ਕੀਤੇ ਹੋਏ ਕੰਮਾਂ ਸੰਬੰਧੀ ਭੇਜੀ ਗਈ ਰਿਪੋਰਟ ਅਨੁਸਾਰ ਇਸ ਫੈਸਟੀਵਲ ਚ ਸ਼ਾਮਿਲ ਹੋਣ ਲਈ ਮੇਰੀ ਚੋਣ ਕੀਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਸਭ ਮੇਰੇ ਸਕੂਲ ਦੇ ਸਮੂਹ ਸਟਾਫ ਅਤੇ ਮੁੱਖ ਅਧਿਆਪਕ ਜਤਿੰਦਰ ਪਾਲ ਸਿੰਘ ਵੱਲੋਂ ਪੂਰਾ ਪੂਰਾ ਸਹਿਯੋਗ ਮਿਲਣ ਸਦਕਾ ਹੀ ਮੈਨੂੰ ਇਹ ਮਾਨ ਪ੍ਰਾਪਤ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਸਾਇੰਸ ਫੈਸਟੀਵਲ ਵਿੱਚ ਸ਼ਾਮਲ ਹੋਣ 'ਤੇ ਆਏ ਵੱਖ-ਵੱਖ ਵਿਗਿਆਨ ਵਿਸ਼ੇ ਦੇ ਮਾਹਿਰਾਂ ਤੋਂ ਜਿਹੜੀ ਵੀ ਮੈਨੂੰ ਜਾਣਕਾਰੀ ਹਾਸਲ ਹੋਵੇਗੀ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਵੱਲੋਂ ਭਗਵਾਨ ਵਾਲਮੀਕਿ ਮੰਦਰ ਲਈ 4.5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ

ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਜਲੰਧਰ ਵਿੱਚ ਹਲਕਾ ਕਰਤਾਰਪੁਰ ਤੋਂ ਆਮ ਪਾਰਟੀ ਦੇ ਐਮ ਐਲ ਏ ਤੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵਲੋਂ ਜ਼ਿਲ੍ਹੇ ਦੇ ਪਿੰਡ ਸਿੰਘ ਵਿਖੇ ਉਸਾਰੀ ਅਧੀਨ ਭਗਵਾਨ ਵਾਲਮੀਕਿ ਦੇ ਮੰਦਰ ਲਈ 4.5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਪਿੰਡ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਪਿੰਡਾਂ 'ਚ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਲਈ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।ਉਨ੍ਹਾਂ ਕਿਹਾ ਕਿ ਮੰਦਰ ਦੇ ਨਿਰਮਾਣ ਨਾਲ ਭਗਵਾਨ ਵਾਲਮੀਕਿ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਹੋਰ ਵੀ ਸੁਚੱਜੇ ਢੰਗ ਨਾਲ ਪਹੁੰਚਾਇਆ ਜਾ ਸਕੇਗਾ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਮੰਦਰ ਦੇ ਨਿਰਮਾਣ ਕੰਮ ਨੂੰ ਸੁਚੱਜੇ ਢੰਗ ਨਾਲ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੀਆਂ ਸਰਕਾਰਾਂ ਦੇ ਸਮੇਂ ਦੌਰਾਨ ਵਿਕਾਸ ਪਖੋਂ ਪਛੜ ਗਏ ਪਿੰਡਾਂ 'ਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਆਧੁਨਿਕ ਸੜਕਾਂ, ਸੈਨੀਟੇਸ਼ਨ, ਸਟਰੀਟ ਲਾਈਟਾਂ, ਖੇਡ ਮੈਦਾਨਾਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਮੰਦਰ ਕਮੇਟੀ ਵਲੋਂ ਕੈਬਨਿਟ ਮੰਤਰੀ ਬਲਕਾਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ।

ਕੈਂਬਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ 'ਚ 'ਚਾਰ ਸਾਹਿਬਜ਼ਾਦੇ' ਫਿਲਮ ਦਿਖਾਈ

ਫਿਲੌਰ, (ਨਿਰਮਲ) ਸਥਾਨਕ ਕੈਂਬਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਵਿਛੋੜੇ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇੱਕ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਇਤਿਹਾਸ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ ਅਤੇ ਚਾਰ ਸਾਹਿਬਜ਼ਾਦੇ ਫਿਲਮ ਦਿਖਾਈ ਗਈ। ਇਸ ਮੌਕੇ ਵਿਦਿਆਰਥੀਆਂ ਦੁਆਰਾ ਪੂਰੇ ਅਨੁਸ਼ਾਸਨ ਵਿੱਚ ਰਹਿੰਦੇ ਹੋਏ ਬਾਣੀ ਨੂੰ ਸਰਵਣ ਕਰਦਿਆਂ ਮੂਲ ਮੰਤਰ ਦਾ ਜਾਪ ਕੀਤਾ ਗਿਆ । ਵਿਦਿਆਰਥੀਆਂ ਦੁਆਰਾ ਬਹੁਤ ਸੁੰਦਰ ਦਸਤਾਰਾਂ ਸਜਾਈਆਂ ਗਈਆਂ ਅਤੇ ਅਲੱਗ ਅਲੱਗ ਤਰ੍ਹਾਂ ਦੀ ਪੇਸ਼ਕਾਰੀ ਪ੍ਰਸਤੁਤ ਕਰਕੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਸਮੂਹ ਸਟਾਫ ਦੁਆਰਾ ਗੁਰੂ ਜੀ ਦੀ ਦੇਗ ਵਰਤਾਈ ਗਈ। ਇਸ ਆਯੋਜਨ ਵਿੱਚ ਸਕੂਲ ਮੁਖੀ ਡਾ: ਮਮਤਾ ਬਖਸ਼ੀ ਅਤੇ ਸਮੂਹ ਅਧਿਆਪਕਾਂ ਦਾ ਸਹਿਯੋਗ ਰਿਹਾ।

ਹਰ ਮਹੀਨੇ ਹੋਵੇਗਾ ਜਪ-ਤਪ ਚੌਪਹਿਰਾ ਸਮਾਗਮ

ਫਿਲੌਰ (ਨਿਰਮਲ) ਇਥੇ ਇਤਿਹਾਸਕ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਬਾਬਾ ਬੁੱਢਾ ਜੀ ਸੇਵਾ ਸਿਮਰਨ ਸੁਸਾਇਟੀ ਲੁਧਿਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 12 ਵਜੇ ਤੋਂ 4 ਵਜੇ ਤੱਕ ਕਰਵਾਇਆ ਗਿਆ। ਜਿਸ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਗਵਾਈ।ਮਾਤਾ ਵਿਪਨਦੀਪ ਕੌਰ, ਮਾਤਾ ਰਜਿੰਦਰ ਕੌਰ , ਭਾਈ ਓਮਪ੍ਰੀਤ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ ਗਿਆ।ਪੰਜ ਪਿਆਰਿਆਂ ਵੱਲੋਂ ਸਮੂਹ ਸੰਗਤਾਂ ਨੂੰ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼ਹੀਦੀ ਦਿਹਾੜੇ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵੱਖ ਵੱਖ ਗੁਰੂ ਘਰਾਂ 'ਚ ਅਮ੍ਰਿਤ ਛਕਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ।ਜਪ ਤਪ ਚੌਪਹਿਰਾ ਸਮਾਗਮ ਹਰ ਮਹੀਨੇ ਕਰਨ ਦਾ ਐਲਾਨ ਕੀਤਾ ਗਿਆ।ਸਮਾਗਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਉਲੀ ਸਾਹਿਬ, ਇਸਤਰੀ ਸਤਿਸੰਗ ਸਭਾ ਫਿਲੌਰ, ਸੁਖਮਨੀ ਸਾਹਿਬ ਸਿਮਰਨ ਸੇਵਾ ਸੁਸਾਇਟੀ , ਮੀਰੀ ਪੀਰੀ ਸੇਵਕ ਸਭਾ ਫਿਲੌਰ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਿਲੌਰ ਅਤੇ ਹੋਰਾਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।

ਚੌਧਰੀ ਜਗਤ ਰਾਮ ਸੂੰਢ ਦੀ ਬਰਸੀ 4 ਨੂੰ

ਬਹਿਰਾਮ (ਅਵਤਾਰ ਕਲੇਰ) ਕਾਂਗਰਸ ਪਾਰਟੀ ਦੇ ਸਾਬਕਾ ਸੀਨੀਅਰ ਆਗੂ ਸ਼ਹੀਦ ਚੌਧਰੀ ਜਗਤ ਰਾਮ ਸੂੰਢ ਸਾਬਕਾ ਕੈਬਨਿਟ ਮੰਤਰੀ ਪੰਜਾਬ ਦੀ ਸਾਲਾਨਾ ਬਰਸੀ 4 ਜਨਵਰੀ ਨੂੰ ਉਹਨਾਂ ਦੇ ਜੱਦੀ ਪਿੰਡ ਸੂੰਢ ਵਿਖੇ ਮਨਾਈ ਜਾਵੇਗੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਨੇ ਦੱਸਿਆ ਕਿ 35 ਸਾਲ ਪਹਿਲਾਂ ਅੱਤਵਾਦੀਆਂ ਨੇ ਚੌਧਰੀ ਜਗਤ ਰਾਮ ਸੂੰਢ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ । ਉਹਨਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀ ਜਾਨ ਦਿੱਤੀ । ਇਸ ਬਰਸੀ 'ਤੇ ਪਾਰਟੀ ਦੇ ਆਗੂ ਸ਼ਰਧਾ ਦੇ ਫੁੱਲ ਭੇਟ ਕਰਨਗੇ ।

ਥਾਣੇ 'ਚ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਭੋਗ ਪਾਏ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਥਾਣਾ ਮੁਖੀ ਮੇਹਟੀਆਣਾ ਐਸ ਆਈ ਜਗਜੀਤ ਸਿੰਘ ਅਤੇ ਸਮੂਹ ਸਟਾਫ ਵੱਲੋਂ ਆਪਣੇ ਥਾਣਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਸਵਾਰੀ ਖੁੱਲੇ ਪੰਡਾਲ ਵਿੱਚ ਪ੍ਰਕਾਸ਼ ਕਰਕੇ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਸਮਾਗਮ ਦੋਰਾਨ ਇਲਾਕੇ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਆਪਣੇ ਜੀਵਨ ਸਫਲੇ ਕੀਤੇ। ਥਾਣਾ ਮੁਖੀ ਨੇ ਦੱਸਿਆ ਕਿ ਮੈਂ ਆਪਣੇ ਸਾਰੇ ਸਟਾਫ ਨਾਲ ਆਪਣੇ ਪਰਵਾਰ ਦੀ ਤਰ੍ਹਾਂ ਰਹਿੰਦਾ ਹਾਂ, ਮੈਂ ਉਸ ਅਕਾਲਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਸਾਰੇ ਹੀ ਵਾਸੀਆਂ ਨੂੰ ਚੜ੍ਹਦੀ ਕਲਾ ਵਿਚ ਰੱਖਣ। ਇਸ ਮੌਕੇ 'ਤੇ ਮਹਾਨ ਸ਼ਖ਼ਸੀਅਤਾ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਚਾਹ ਪਕੌੜਿਆਂ ਦੇ ਲੰਗਰ ਅਟੂੱਟ ਵਰਤਾਏ ਗਏ।

ਭਾਰਤੀ ਕਿਸਾਨ ਯੂਨੀਅਨ ਦੋਆਬਾ ਦੀ ਮੀਟਿੰਗ

2-JAN-PAGE-10.qxd 1/1/2024 9:58 PM Page 1

ਭਾਸ਼ਾ ਵਿਭਾਗ ਤੇ ਲੋਕ ਸਾਹਿਤ ਅਕੈਡਮੀ ਵੱਲੋਂ ਸਾਹਿਤਕ ਸਮਾਗਮ

- ਬਲਦੇਵ ਸੜਕਨਾਮਾ ਦਾ ਨਾਵਲ 'ਯਸ਼ੋਧਰਾ' ਲੋਕ ਅਰਪਣ
- ਇਤਿਹਾਸਕ ਨਾਵਲ ਰਚਣ ਲਈ ਲੇਖਕ ਨੂੰ ਕਰਨੀ ਪੈਂਦੀ ਸਖਤ ਮਿਹਨਤ : ਗਰਗ

ਮੋਗਾ (ਅਮਰਜੀਤ ਬੱਬਰੀ)

ਸੁਤੰਤਰਤਾ ਸੰਗਰਾਮੀ ਭਵਨ ਵਿਖੇ ਭਾਸ਼ਾ ਵਿਭਾਗ ਤੇ ਲੋਕ ਸਾਹਿਤ ਅਕੈਡਮੀ ਮੋਗਾ ਨੇ ਸਾਹਿਤਕ ਸਮਾਗਮ ਕਰਵਾਇਆ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਹਾਸ ਵਿਅੰਗ ਲੇਖਕ ਸ੍ਰੀ ਕੇ. ਐੱਲ. ਗਰਗ, ਡਾ.ਅਜੀਤਪਾਲ ਸਿੰਘ ਜਟਾਣਾ ਜ਼ਿਲ੍ਹਾ ਭਾਸ਼ਾ ਅਫ਼ਸਰ, ਸ੍ਰ. ਗੁਰਚਰਨ ਸਿੰਘ ਸੰਘਾ, ਡਾਕਟਰ ਸੁਰਜੀਤ ਸਿੰਘ ਘੋਲੀਆ, ਸ੍ਰ. ਬਲਦੇਵ ਸਿੰਘ ਸੜਕਨਾਮਾ ਸ਼ਾਮਲ ਸਨ।ਇਸ ਮੌਕੇ ਸਾਹਿਤ ਅਕਾਦਮੀ ਐਵਾਰਡ ਜੇਤੂ ਬਲਦੇਵ ਸੜਕਨਾਮਾ ਦਾ ਨਵਾਂ ਨਾਵਲ 'ਯਸ਼ੋਧਰਾ' ਲੋਕ ਅਰਪਣ ਕੀਤਾ ਗਿਆ।

ਬਲਦੇਵ ਸੜਕਨਾਮਾ ਦੇ ਨਾਵਲ 'ਤੇ ਵੱਖ ਵੱਖ ਵਿਦਵਾਨਾਂ ਨੇ ਚਰਚਾ ਕਰਦਿਆਂ ਕਿਹਾ ਕਿ ਇਤਿਹਾਸਕ ਨਾਵਲ ਹੈ।ਸਮਾਗਮ ਦੀ ਆਰੰਭਿਤਾ ਮਾਸਟਰ ਪ੍ਰੇਮ ਚੰਦ ਦੇ ਗੀਤ ਨਾਲ ਹੋਈ।ਕਾਰਵਾਈ ਨੂੰ ਅੱਗੇ ਤੋਰਦਿਆਂ ਮੰਚ ਸੰਚਾਲਕ ਸ੍ਰੀ ਅਸ਼ੋਕ ਚਟਾਨੀ ਨੇ ਡਾਕਟਰ ਗੁਰਜੀਤ ਸਿੰਘ ਸੰਧੂ ਨੂੰ ਨਾਵਲ ਯਸ਼ੋਧਰਾ ਬਾਰੇ ਜਾਣਕਾਰੀ ਦੇਣ ਲਈ ਸੱਦਾ ਦਿੱਤਾ।ਸੰਧੂ ਨੇ ਨਾਵਲ ਬਾਰੇ ਖੋਜ ਭਰਭੂਰ ਟਿੱਪਣੀਆਂ ਕਰਦਿਆਂ ਲੇਖਕ ਬਲਦੇਵ ਸੜਕਨਾਮਾ ਬਾਰੇ ਜਾਣਕਾਰੀ ਦਿੱਤੀ।ਜਸਵੀਰ ਕਲਸੀ ਨਾਵਲ ਯਸ਼ੋਧਰਾ ਬਾਰੇ ਹਰ ਨੁਕਤੇ 'ਤੇ ਨਜ਼ਰ ਪਾਉਂਦਿਆਂ ਇਤਿਹਾਸਕ ਪੱਖ ਤੋਂ ਜਾਣਕਾਰੀ ਦਿੱਤੀ।ਉਨ੍ਹਾਂ ਨਾਵਲ ਵਿੱਚ ਲਏ ਗਏ ਪਾਤਰਾਂ ਬਾਰੇ ਵੀ ਚਰਚਾ ਕੀਤੀ।ਸ੍ਰ. ਗੁਰਚਰਨ ਸਿੰਘ ਸੰਘਾ ਨੇ ਚਰਚਾ ਵਿੱਚ ਹਿੱਸਾ ਲੈਂਦਿਆਂ ਕਿ ਬਲਦੇਵ ਸੜਕਨਾਮਾ ਦਾ ਨਾਵਲ ਯਸ਼ੋਧਰਾ ਨਵੇਕਲੀ ਰਚਨਾ ਹੈ।ਮੋਹੀ ਅਮਰਜੀਤ ਨੇ ਵੀ ਚਰਚਾ ਵਿੱਚ ਹਿੱਸਾ ਲੈਂਦਿਆਂ ਬਲਦੇਵ ਸੜਕਨਾਮਾ ਦੀ ਦੂਜੇ ਲੇਖਿਕਾਂ ਨਾਲ ਤੁਲਣਾ ਕੀਤੀ ਤੇ ਉਦਾਹਰਣਾਂ ਪੇਸ਼ ਕੀਤੀਆਂ। ਡਾਕਟਰ ਸੁਰਜੀਤ ਬਰਾੜ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਲਾਲਸਾ ਤੋਂ ਉਪਰਾਮਤਾ ਹੋਈ ਤਾਂ ਸਿਥਾਰਥ ਤੋਂ ਮਹਾਤਮਾ ਗੌਤਮ ਬੁੱਧ ਬਣਿਆ।ਉਨ੍ਹਾ ਕਿਹਾ ਕਿ ਪੀੜਾ ਨਾਲ ਤ੍ਰਿਸ਼ਨਾ ਪੈਦਾ ਹੁੰਦੀ ਹੈ ਤੇ ਪੀੜਾ ਨੂੰ ਖਤਮ ਕਰਨ ਲਈ ਲਾਲਸਾ ਨੂੰ ਖਤਮ ਕਰਨਾ ਪੈਂਦਾ।ਉਨ੍ਹਾ ਜਾਣਕਾਰੀ ਭਰਭੂਰ ਗਿਆਨਵਰਧਕ ਗੱਲਾਂ ਕੀਤੀਆਂ।ਉਨ੍ਹਾ ਬਲਦੇਵ ਸੜਕਨਾਮਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾ ਨੇ ਪੰਜਾਬੀ ਸਾਹਿਤ ਨੂੰ ਵੱਖ ਵੱਖ ਜਿਲਦਾਂ ਵਿੱਚ 90 ਤੋਂ ਵੱਧ ਕਿਤਾਬਾਂ ਦਿੱਤੀਆਂ ਹਨ।ਇਸ ਮੌਕੇ ਪ੍ਰਧਾਨਗੀ ਕਰ ਰਹੇ ਹਾਸ ਵਿਅੰਗ ਲੇਖਕ ਸ੍ਰੀ ਕੇ ਐੱਲ ਗਰਗ ਨੇ ਕਿਹਾ ਕਿ ਇਤਿਹਾਸਕ ਨਾਵਲ ਰਚਣ ਲਈ ਲੇਖਕ ਨੂੰ ਸਖਤ ਮਿਹਨਤ ਕਰਨੀ ਪੈਂਦੀ ਹੈ।ਉਨ੍ਹਾ ਕਿਹਾ ਕਿ ਬਲਦੇਵ ਸੜਕਨਾਮਾ 1977 ਤੋਂ ਨਿਰੰਤਰ ਇਤਿਹਾਸ, ਮਿਥਿਹਾਸ ਤੇ ਪੁਰਾਤਨ ਸਾਹਿਤ ਵਿੱਚੋਂ ਖੋਜ ਭਰਭੂਰ ਲਿਖਤਾਂ ਦਾ ਰਚੇਤਾ ਹੈ।ਉਨ੍ਹਾਂ ਕਿਹਾ ਕਿ ਕਾਮਨਾ ਕਰਦੇ ਹਾਂ ਕਿ ਆਉਣ ਵਾਲੇ ਨਵੇਂ ਸਾਲ ਵਿੱਚ ਪਾਠਕਾਂ ਲਈ ਹੋਰ ਖੋਜ ਭਰਭੂਰ ਕਿਤਾਬਾਂ ਲਿਖਣਗੇ।ਬਲਦੇਵ ਸੜਕਨਾਮਾ ਨੇ ਇਸ ਮੌਕੇ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੇਖਕ ਨੂੰ ਪਾਠਕਾਂ ਤੇ ਪ੍ਰਕਾਸ਼ਕਾਂ ਤੋਂ ਉਤਸ਼ਾਹ ਮਿਲਦਾ।ਕਿਸੇ ਲੇਖਕ ਦੀ ਜਦੋਂ ਕੋਈ ਰਚਨਾ ਮਕਬੂਲ ਹੋ ਜਾਂਦੀ ਹੈ, ਉਸ ਨੂੰ ਹੌਸਲਾ ਮਿਲਦਾ।ਉਨ੍ਹਾ ਕਿਹਾ ਕਿ ਜ਼ਿੰਦਗੀ ਵਿੱਚ ਜੋ ਲਿਖਿਆ, ਉਸ ਵਿੱਚ ਵਧੇਰੇ ਲਿਖਤਾਂ ਉਨ੍ਹਾਂ ਦੀ ਆਪਣੀ ਜੀਵਨ ਸ਼ੈਲੀ ਤੇ ਮਿਹਨਤ, ਮੁਸ਼ਕਤ ਨਾਲ ਸਬੰਧਤ ਹਨ।ਅਖੀਰ ਵਿੱਚ ਡਾ. ਅਜੀਤਪਾਲ ਸਿੰਘ ਜਟਾਣਾ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ ਨੇ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਲੇਖਕਾਂ ਨੂੰ ਉਤਸ਼ਾਹ ਦੇਣ ਲਈ ਬਣਾਇਆ ਗਿਆ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਚੰਗੀਆਂ ਲਿਖਤਾਂ ਲਿਖਣ ਤੇ ਯੋਗਦਾਨ ਪਾਉਣ ਵਾਲੇ ਲੇਖਿਕਾਂ, ਸਾਹਿਤਕਾਰਾਂ, ਪੱਤਰਕਾਰਾਂ, ਸੰਗੀਤਕਾਰਾਂ ਆਦਿ ਨੂੰ ਹਰ ਸਾਲ ਮਾਣ ਸਨਮਾਨ ਦੇ ਕੇ ਨਿਵਾਜਿਆ ਜਾਂਦਾ ਹੈ।ਇਸ ਮੌਕੇ ਸਰਦੂਲ ਲੱਖਾ, ਆਤਮਾ ਸਿੰਘ ਆਲਮਗੀਰ, ਗੁਰਚਰਨ ਸੰਘਾ, ਡਾ. ਅਜੀਤਪਾਲ ਜਟਾਣਾ, ਅਸ਼ੋਕ ਚਟਾਨੀ, ਦਿਲਬਾਗ ਸਿੰਘ ਬੁੱਕਣਵਾਲਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਇਸ ਮੌਕੇ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਅਵਤਾਰ ਸਿੰਘ, ਨਵਨੀਤ ਸਿੰਘ ਸੇਖਾ, ਸਿਕੰਦਰ ਖੋਸਾ, ਅਵਤਾਰ ਸਿੰਘ ਕਰੀਰ, ਨੇਕ ਸਿੰਘ ਖੋਸਿਆਂਵਾਲਾ ਆਦਿ ਸ਼ਾਮਲ ਸਨ।

ਵਿਧਾਇਕਾਂ ਵੱਲੋਂ ਸ਼ਹਿਰ 'ਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ

ਲੁਧਿਆਣਾ (ਰਾਜ ਸਿੰਗਲਾ)- ਲੁਧਿਆਣਾ ਵਾਸੀਆਂ ਲਈ ਨਵੇਂ ਸਾਲ ਦੇ ਤੋਹਫੇ ਵਜੋਂ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ।ਪੱਖੋਵਾਲ ਰੋਡ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਨੂੰ ਅੱਜ ਵਾਹਨਾਂ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਹੈ।ਇਸ ਆਰ.ਓ.ਬੀ. ਦਾ ਉਦਘਾਟਨ ਹਲਕਾ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ ਵਿਧਾਇਕ ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ ਤੇ ਹਰਦੀਪ ਸਿੰਘ ਮੁੰਡੀਆਂ ਤੋਂ ਇਲਾਵਾ ਹੋਰ ਉੱਘੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਕੀਤਾ।ਇਸ ਤੋਂ ਇਲਾਵਾ, ਲੁਧਿਆਣਾ (ਪੱਛਮੀ) ਹਲਕੇ ਦੇ ਵਸਨੀਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ 'ਕਲੀਨਿਕ ਆਨ ਵ੍ਹੀਲਜ਼' ਨੂੰ ਵੀ ਸਮਰਪਤ ਕੀਤਾ।ਅੱਜ ਰਾਣੀ ਝਾਂਸੀ ਐਨਕਲੇਵ ਵਿੱਚ ਨਵੇਂ ਬਣੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਵੀ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ ਦੱਸਿਆ ਕਿ ਪੱਖੋਵਾਲ ਰੋਡ ਰੇਲਵੇ ਓਵਰ ਬ੍ਰਿਜ ਦੀ ਇਲਾਕਾ ਨਿਵਾਸੀਆਂ ਦੀ ਚਿਰੋਕਣੀ ਮੰਗ ਸੀ, ਜਿਸ ਨੂੰ ਬੂਰ ਪਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਵਸਨੀਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਤੇ ਇਸੇ ਕਰਕੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਸੈਂਕੜੇ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ।ਵਿਧਾਇਕਾਂ ਨੇ ਸ਼ਹਿਰ ਦੇ ਰਾਣੀ ਝਾਂਸੀ ਐਨਕਲੇਵ ਖੇਤਰ ਵਿੱਚ ਨਵੇਂ ਬਣੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਵੀ ਕੀਤਾ।ਇਸ ਮੌਕੇ ਤਨਵੀਰ ਸਿੰਘ ਧਾਲੀਵਾਲ, ਅੰਮ੍ਰਿਤ ਵਰਸ਼ਾ ਰਾਮਪਾਲ, ਕਿਰਨ ਗਿੱਲ , ਅਸ਼ੋਕ ਪ੍ਰੋਸ਼ਰ ਸਾਬਕਾ ਕੌਂਸਲਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਵਾਲੀ ਪੰਜਾਬ ਸਰਕਾਰ ਸਥਾਨਕ ਵਸਨੀਕਾਂ ਨੂੰ ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ ਤੇ ਸੜਕੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇੱਕ 'ਕਲੀਨਿਕ ਆਨ ਵ੍ਹੀਲਜ਼' ਬੱਸ ਵੀ ਸ਼ਹਿਰ ਵਾਸੀਆਂ ਲਈ ਸਮਰਪਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇੱਕ ਵੱਡੀ ਬੱਸ ਨੂੰ ਚੱਲਦੇ ਕਲੀਨਿਕ ਵਿੱਚ ਤਬਦੀਲ ਕੀਤਾ ਗਿਆ ਹੈ, ਜਿੱਥੇ ਵਸਨੀਕਾਂ ਨੂੰ ਵਧੀਆ ਡਾਕਟਰੀ ਇਲਾਜ, ਟੈਸਟ ਤੇ ਦਵਾਈਆਂ ਬਿਲਕੁਲ ਮੁਫ਼ਤ ਮਿਲਣਗੀਆਂ। ਉਨ੍ਹਾ ਕਿਹਾ ਕਿ ਵਸਨੀਕਾਂ ਨੂੰ ਇਹ ਪਹਿਲੀ ਬੱਸ ਸਮਰਪਤ ਕੀਤੀ ਗਈ ਹੈ, ਪਰ ਆਉਣ ਵਾਲੇ ਦਿਨਾਂ ਵਿੱਚ ਅਜਿਹੀਆਂ ਹੋਰ ਬੱਸਾਂ ਸ਼ਹਿਰ ਵਾਸੀਆਂ ਦੀ ਭਲਾਈ ਲਈ ਤਿਆਰ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਹ 'ਕਲੀਨਿਕ ਆਨ ਵ੍ਹੀਲਜ਼' ਹਰ ਰੋਜ਼ ਇੱਕ-ਇੱਕ ਵਾਰਡ ਵਿੱਚ ਜਾ ਕੇ ਵਸਨੀਕਾਂ ਨੂੰ ਇਲਾਜ ਮੁਹੱਈਆ ਕਰਵਾਏਗਾ। ਉਨ੍ਹਾਂ ਕਿਹਾ ਕਿ ਇਸ ਕਲੀਨਿਕ ਰਾਹੀਂ ਘਰ-ਘਰ ਜਾ ਕੇ ਉਨ੍ਹਾਂ ਨਾਗਰਿਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਜਿਹੜੇ ਮਰੀਜ਼ ਵਡੇਰੀ ਉਮਰੇ ਕਿਸੇ ਸੱਟ-ਚੋਟ ਕਾਰਨ ਆਮ ਆਦਮੀ ਕਲੀਨਿਕਾਂ ਤੱਕ ਪਹੁੰਚ ਕਰਨ ਤੋਂ ਅਸਮਰੱਥ ਹਨ।ਵਿਧਾਇਕ ਗੋਗੀ ਨੇ ਕਿਹਾ ਕਿ ਸੂਬੇ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਵਸਨੀਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਤੇ ਇਸੇ ਕਰਕੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਸੈਂਕੜੇ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ।ਵਿਧਾਇਕਾਂ ਨੇ ਸ਼ਹਿਰ ਦੇ ਰਾਣੀ ਝਾਂਸੀ ਐਨਕਲੇਵ ਖੇਤਰ ਵਿੱਚ ਨਵੇਂ ਬਣੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਵੀ ਕੀਤਾ।ਇਸ ਮੌਕੇ ਤਨਵੀਰ ਸਿੰਘ ਧਾਲੀਵਾਲ, ਅੰਮ੍ਰਿਤ ਵਰਸ਼ਾ ਰਾਮਪਾਲ, ਕਿਰਨ ਗਿੱਲ , ਅਸ਼ੋਕ ਪ੍ਰੋਸ਼ਰ ਸਾਬਕਾ ਕੌਂਸਲਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਕਾਤਰਾਂ

ਪੁਲਸ 'ਚ ਨੌਕਰੀ ਦੇ ਨਾਂਅ 'ਤੇ 9 ਲੱਖ ਦੀ ਮਾਰੀ ਠੱਗੀ, ਇਕ ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪੰਜਾਬ ਪੁਲਸ ਵਿਚ ਨੌਕਰੀ ਲਵਾਉਣ ਦਾ ਝਾਂਸਾ ਦੇ 9 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਇਕ ਵਿਅਕਤੀ ਦੇ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਭਜਨ ਦਾਸ ਪੁੱਤਰ ਲਛਮਣ ਰਾਮ ਵਾਸੀ ਪਿੰਡ ਚੱਕ ਗਰੀਬਾ ਸਾਂਦੜ ਨੇ ਇਕ ਦਰਖਾਸਤ ਨੰਬਰ 3299 ਪੀ.ਸੀ. ਮਿਤੀ 30-05-2023 ਨੂੰ ਪੁਲਸ ਕੋਲ ਦਿੱਤੀ ਗਈ ਸੀ, ਜਿਸ ਵਿਚ ਸ਼ਿਕਾਇਤਕਰਤਾ ਭਜਨ ਦਾਸ ਨੇ ਦੋਸ਼ ਲਾਇਆ ਕਿ ਮਲਕੀਤ ਸਿੰਘ ਉਰਫ ਹੀਰਾ ਪੁੱਤਰ ਦਿਲਾਵਰ ਸਿੰਘ ਵਾਸੀ ਚੱਕ ਮੋਚਨ ਵਾਲਾ ਵੱਲੋਂ ਉਸਦੇ ਲੜਕੇ ਸੰਦੀਪ ਕੁਮਾਰ ਨੂੰ ਪੰਜਾਬ ਪੁਲਸ ਵਿਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਉਸ ਪਾਸੋਂ 9 ਲੱਖ ਰੁਪਏ ਲੈ ਕੇ ਠੱਗੀ ਮਾਰੀ ਹੈ, ਇਸ ਦਰਖਾਸਤ ਦੀ ਅਪਰੂਵਲ ਮਿਲਣ ਉਪਰੰਤ ਥਾਣਾ ਸਦਰ ਦੀ ਪੁਲਸ ਨੇ ਮੁਦੱਈ ਭਜਨ ਦਾਸ ਦੇ ਬਿਆਨਾਂ ਦੇ ਅਧਾਰ ਤੇ ਮਲਕੀਤ ਸਿੰਘ ਹੀਰਾ ਦੇ ਖਿਲਾਫ ਧਾਰਾ 420 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਨਵਾਂ ਵਰ੍ਹਾ ਸਾਰਿਆਂ ਲਈ ਖੁਸ਼ੀਆਂ ਭਰਿਆ ਹੋਵੇ : ਰਣਦੀਪ ਨਾਭਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਵੱਲੋਂ ਨਵੇਂ ਸਾਲ ਦੀ ਆਮਦ 2024 ਦੀਆਂ ਹਲਕਾ ਅਮਲੋਹ ਦੇ ਵਸਨੀਕਾਂ ਨੂੰ ਵਧਾਈਆਂ ਦਿੱਤੀਆਂ ਗਈਆਂ।ਉਨ੍ਹਾਂ ਕਿਹਾ ਕਿ ਨਵਾਂ ਵਰ੍ਹਾ 2024 ਸਾਰਿਆਂ ਲਈ ਖੁਸ਼ੀਆਂ ਭਰਿਆ ਹੋਵੇ, ਉਥੇ ਹੀ ਹਰ ਇਨਸਾਨ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇਕਮੁੱਠ ਹੋ ਕੇ ਨਵੇਂ ਸਾਲ ਦੀ ਸ਼ੁਰੂਆਤ ਕਰਨ ਅਤੇ ਭਾਈਚਾਰਕ ਸਾਂਝ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ।ਕਾਕਾ ਰਣਦੀਪ ਸਿੰਘ ਨੇ ਕਿਹਾ ਕਿ 26 ਜਨਵਰੀ ਨੂੰ ਦਿੱਲੀ ਵਿਖੇ ਹੋਣ ਵਾਲੇ ਸਮਾਗਮ ਵਿੱਚ ਪੰਜਾਬ ਦੀ ਝਾਕੀ ਨੂੰ ਕੋਈ ਥਾਂ ਨਾ ਦੇਣਾ ਮੰਦਭਾਗਾ ਹੈ, ਜਿਸਦੀ ਹਰ ਪਾਸੇ ਨਿੰਦਾ ਵੀ ਹੋ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਉਪਰ ਜਦੋਂ ਵੀ ਕੋਈ ਔਖੀ ਘੜੀ ਆਈ ਤਾਂ ਪੰਜਾਬ ਵਾਸੀ ਅੱਗੇ ਹੋ ਕੇ ਤੁਰੇ ਤੇ ਕੁਰਬਾਨੀਆਂ ਵੀ ਦਿੱਤੀਆਂ ਗਈਆਂ ਨੇ ਅਤੇ ਅੱਜ ਕੇਂਦਰ ਦੀ ਸਰਕਾਰ ਵੱਲੋਂ ਪੰਜਾਬ ਨਾਲ ਕੀਤਾ ਜਾ ਰਿਹਾ ਪੱਖਪਾਤ ਚੰਗਾ ਨਹੀਂ ਹੈ। ਜਿਸਦਾ ਜਵਾਬ ਪੰਜਾਬ ਦੇ ਲੋਕ ਸਮਾਂ ਆਉਣ 'ਤੇ ਜ਼ਰੂਰ ਦੇਣਗੇ।

ਯੂਥ ਕਲੱਬਾਂ ਨੂੰ ਡਿਪਟੀ ਕਮਿਸ਼ਨਰ ਨੇ ਕੀਤਾ ਸਨਮਾਨਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਯੁਵਕ ਸੇਵਾਵਾਂ ਵਿਭਾਗ ਨਾਲ ਜੁੜੀਆਂ ਜ਼ਿਲ੍ਹੇ ਦੀਆਂ ਵੱਖ-ਵੱਖ ਯੂਥ ਕਲੱਬਾਂ ਦਾ ਸਨਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘੁਵੀਰ ਸਿੰਘ ਮਾਨ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਆਈ.ਏ.ਐਸ ਵੱਲੋਂ ਮਿਨੀ ਸੈਕਟਰੀਏਟ ਵਿਖੇ ਕੀਤਾ ਗਿਆ। ਇਸ ਦੌਰਾਨ ਮੁਕਤਸਰ ਸਪੋਰਟਸ ਐਂਡ ਫਿਟਨੈਂਸ ਕਲੱਬ, ਮੁਕਤੀਸਰ ਵੈਲਫੇਅਰ ਕਲੱਬ ਰਜਿ:, ਸੰਕਲਪ ਸਪੋਰਟ ਐਂਡ ਕਲਚਰ ਕਲੱਬ, ਯੂਥ ਸਪੋਰਟਸ ਐਂਡ ਵੈਲਫੇਅਰ ਕਲੱਬ, ਯੁਵਕ ਸੇਵਾਵਾਂ ਕਲੱਬ ਮੁਕਤਸਰ, ਯੁਵਕ ਸੇਵਾਵਾਂ ਕਲੱਬ ਪਿੰਡ ਲੰਡੇ ਰੋਡੇ , ਮਨਪ੍ਰੀਤ ਸਿੰਘ, ਨਰਿੰਦਰ ਸਿੰਘ ਪੰਮਾ ਸੰਧੂ, ਗੁਰਮੁੱਖ ਸਿੰਘ ਤੋਂ ਇਲਾਵਾ ਹੋਰ ਸਮਾਜ ਸੇਵੀ ਵੀ ਮੌਜੂਦ ਸਨ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਯੂਥ ਕਲੱਬਾਂ ਦੇ ਕੰਮਾਂ ਦੀ ਜਾਣਕਾਰੀ ਦਿੱਤੀ ਤੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਦਾ ਰੋਲ ਇਸ ਸਮਾਜ ਵਿੱਚ ਅਹਿਮ ਹੈ। ਉਨ੍ਹਾਂ ਸਾਰੀਆਂ ਯੂਥ ਕਲੱਬਾਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਪਿੰਡਾਂ, ਵਾਰਡਾਂ ਵਿੱਚ ਨੌਜਵਾਨਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਤੇ ਉਨ੍ਹਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਤਾਂ ਉਹ ਚੰਗੀ ਸੰਗਤ ਨਾਲ ਜੁੜ ਸਕਣ। ਇਸ ਦੌਰਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘੁਬੀਰ ਸਿੰਘ ਮਾਨ ਨੇ ਕਿਹਾ ਕਿ ਸਾਡਾ ਵਿਭਾਗ ਹਮੇਸ਼ਾ ਨੌਜਵਾਨਾਂ ਦੀ ਭਲਾਈ ਲਈ ਕੰਮ ਕਰਦਾ ਆ ਰਿਹਾ ਹੈ ਤੇ ਹਮੇਸ਼ਾ ਕਰਦਾ ਰਹੇਗਾ।

ਨਾਗਰਿਕ ਲੈਣ ਜ਼ਿਲ੍ਹੇ ਨੂੰ ਨਸ

2-Jan-PAGE-11-Majha-24-Finak.qxd 1/1/2024 10:07 PM Page 1

ਮੁਕੱਦਮਾ ਰੱਦ ਕਰਵਾਉਣ ਲਈ ਡੀ ਐੱਸ ਪੀ ਦਫਤਰ ਸਾਹਮਣੇ ਕਿਸਾਨਾਂ ਨੇ ਲਾਇਆ ਧਰਨਾ

ਮਜੀਠਾ (ਸੋਇਮ ਆਨੰਦ)- ਮਜੀਠਾ ਦੇ ਡੀ. ਐੱਸ. ਪੀ. ਦਫਤਰ ਅੱਗੇ ਭਾਕਿਓ ਸਿੱਧੂਪੁਰ, ਭਾਕਿਯੂ ਉਗਰਾਹਾਂ ਤੇ ਮਹੱਦੀਪੁਰ ਦੇ ਕਿਸਾਨਾਂ ਵੱਲੋਂ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ ।ਆਗੂਆਂ ਨੇ ਪੁਲਸ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਪਿੰਡ ਮਹੱਦੀਪੁਰ 'ਚ ਜਗਤਾਰ ਮਸੀਹ ਦੀ ਹੋਈ ਮੌਤ 'ਤੇ ਮ੍ਰਿਤਕ ਦੇ ਵਾਰਸਾਂ ਵੱਲੋਂ ਸੜਕੀ ਆਵਾਜਾਈ ਰੋਕ ਕੇ ਪੁਲਸ ਦਬਾਅ ਬਣਾ ਕੇ ਪਿੰਡ ਦੇ ਹੀ ਵਸਨੀਕ ਗੋਰਾ ਪੁੱਤਰ ਲੱਖਾ, ਗੁਰਵਿੰਦਰ ਸਿੰਘ ਪੁੱਤਰ ਲੱਖਾ ਤੇ ਪ੍ਰਿਤਪਾਲ ਸਿੰਘ ਪੁੱਤਰ ਸਰਬਜੀਤ ਸੱਬਾ ਦੇ ਖਿਲਾਫ ਮੁਕੱਦਮਾ ਦਰਜ ਕਰਵਾਇਆ ਗਿਆ ਹੈ ।

ਕਿਸਾਨ ਆਗੂਆਂ ਮੰਗ ਕੀਤੀ ਕਿ ਦਬਾਅ ਹੇਠ ਕੀਤਾ ਗਿਆ ਮੁਕੱਦਮਾ ਰੱਦ ਕੀਤਾ ਜਾਵੇ ਜਿਸ 'ਤੇ ਡੀ. ਐੱਸ. ਪੀ. ਮਜੀਠਾ ਵੱਲੋਂ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਪੋਸਟਮਾਰਟਮ ਰਿਪੋਰਟ ਆਉਣ ਤੇ ਜਾਂਚ ਕਰਨ ਤੋਂ ਬਾਅਦ ਜੋ ਸੱਚਾਈ ਸਾਹਮਣੇ ਆਵੇਗੀ ਉਸ ਤਹਿਤ ਹੀ ਕਾਰਵਾਈ ਕੀਤੀ ਜਾਵੇਗੀ ।ਕਿਸੇ ਨਾਲ ਵੀ ਧੱਕਾ ਨਹੀਂ ਕੀਤਾ ਜਾਵੇਗਾ, ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਧਰਨਾਕਾਰੀਆਂ ਨੇ ਧਰਨਾ ਚੁੱਕਿਆ ।

ਇਸ ਮੌਕੇ ਭਾਕਿਯੂ ਸਿੱਧੂਪੁਰ ਤੋਂ ਜ਼ਿਲਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ, ਜਗਪ੍ਰੀਤ ਸਿੰਘ ਕੋਟਲਾ, ਬਲਾਕ ਪ੍ਰਧਾਨ ਭਗਵੰਤ ਸਿੰਘ ਭੋਮਾ, ਕੁਲਵਿੰਦਰ ਸਿੰਘ ਢਿੰਗਨੰਗਲ, ਗੁਰਪ੍ਰੀਤ ਸਿੰਘ ਡੱਡੀਆਂ, ਕਾਬਲ ਸਿੰਘ ਬੱਲ, ਪਲਵਿੰਦਰ ਸਿੰਘ ਢਿੰਗਨੰਗਲ, ਉਗਰਾਹਾਂ ਤੋਂ ਹੀਰਾ ਸਿੰਘ ਚੱਕ ਸਿਕੰਦਰ, ਜਗਜੀਤ ਸਿੰਘ, ਹਰਚਰਨ ਸਿੰਘ ਮਹੱਦੀਪੁਰ, ਸੂਬੇਦਾਰ ਸੁਲੱਖਣ ਸਿੰਘ, ਹਜਾਰਾ ਸਿੰਘ, ਹਰਜਿੰਦਰ ਸਿੰਘ ਰਣਜੀਤ ਸਿੰਘ, ਲੱਖਾ ਸਿੰਘ, ਸ਼ਮਸ਼ੇਰ ਸਿੰਘ, ਰਣਜੀਤ ਕੌਰ, ਮਨਜੀਤ ਕੌਰ, ਰਜਵੰਤ ਕੌਰ, ਕੁਲਵੰਤ ਕੌਰ, ਬਲਜਿੰਦਰ ਕੌਰ, ਜਸਬੀਰ ਕੌਰ, ਹਰਵੰਤ ਕੌਰ, ਨਰਿੰਦਰ ਕੌਰ, ਰਾਜ ਕੌਰ, ਹਜਾਰਾ ਸਿੰਘ, ਅਜਮੇਰ ਸਿੰਘ, ਦਲਜੀਤ ਸਿੰਘ, ਕਾਬਲ ਸਿੰਘ, ਪੂਰਨ ਸਿੰਘ, ਨਿਸ਼ਾਨ ਸਿੰਘ, ਗੁਰਮੀਤ ਸਿੰਘ ਤੇ ਹੋਰ ਵੀ ਕਿਸਾਨ ਹਾਜ਼ਰ ਸਨ ।

ਗੁਰਦੀਪ ਰੰਧਾਵਾ ਨੇ ਡੇਰਾ ਬਾਬਾ ਨਾਨਕ ਵਿਖੇ ਨਵੇਂ ਬਣ ਰਹੇ ਟਰੋਮਾ ਸੈਂਟਰ ਦਾ ਕੀਤਾ ਨਿਰੀਖਣ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਦਿੱਲੀ ਸਰਕਾਰ ਦੀ ਤਰਜ਼ ਤੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਖੋਲੇ ਜਾ ਰਹੇ ਮੁਹੱਲਾ ਕਲੀਨਕ ਅਤੇ ਵੱਖ-ਵੱਖ ਸ਼ਹਿਰਾਂ ਵਿੱਚ ਖੋਲ੍ਹੇ ਜਾ ਰਹੇ ਟਰੋਮਾ ਸੈਂਟਰ ਕਾਰਗਰ ਸਾਬਤ ਹੋ ਰਹੇ ਹਨ ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਵਿਖੇ ਨਵੇਂ ਬਣ ਰਹੇ ਟਰੋਮਾ ਸੈਂਟਰ ਦੀ ਬਿਲਡਿੰਗ ਵਿਖੇ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ:ਗੁਰਦੀਪ ਸਿੰਘ ਰੰਧਾਵਾ ਵੱਲੋਂ ਆਪਣੇ ਸਮਰਥਕਾਂ ਸਮੇਤ ਪਹੁੰਚ ਕੇ ਨਵੀ ਬਣ ਰਹੀ ਬਿਲਡਿੰਗ ਦਾ ਵਿਸਥਾਰ ਸਾਹਿਤ ਜਾਇਜ਼ਾ ਲਿਆ ਗਿਆ ਤੇ ਹਾਜ਼ਰ ਐੱਸ. ਐੱਮ. ਓ. ਡੇਰਾ ਬਾਬਾ ਨਾਨਕ ਡਾਕਟਰ ਹਰਪਾਲ ਸਿੰਘ ਤੋ ਸਾਰੀ ਜਾਣਕਾਰੀ ਲੈਣ ਉਪਰੰਤ ਐਕਸੀਅਨ ਪੀ. ਡਬਲਿਓ. ਡੀ. ਹਰਜੋਤ ਸਿੰਘ ਅਤੇ ਅਸਿਸਟੈਂਟ ਇੰਜੀ ਜਗਦੀਪ ਸਿੰਘ ਨੂੰ ਨਵੀਂ ਬਿਲਡਿੰਗ ਨੂੰ ਸਮੇ ਸਿਰ ਤਿਆਰ ਕਰਨ ਲਈ ਆਦੇਸ਼ ਜਾਰੀ ਕੀਤੇ ਗਏ । ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਡੇਰਾ ਬਾਬਾ ਨਾਨਕ ਵਿੱਚ ਖੁੱਲ੍ਹਣ ਜਾ ਰਹੇ ਟਰੋਮਾ ਸੈਂਟਰ ਨਾਲ ਹਲਕਾ ਡੇਰਾ ਬਾਬਾ ਨਾਨਕ ਦੇ ਵਾਸੀਆਂ ਨੂੰ ਵੱਡਾ ਫਾਇਦਾ ਹੋਵੇਗਾ ।ਉਨ੍ਹਾਂ ਦੱਸਿਆ ਕਿ ਸਰਕਾਰੀ ਅਫਸਰਾਂ ਨਾਲ ਮਿਲ ਕੇ ਇਸ ਟਰੋਮਾ ਸੈਂਟਰ ਦਾ ਨਿਰੀਖਣ ਕੀਤਾ ਗਿਆ ਤੇ ਉਨ੍ਹਾਂ ਦੇ ਸੁਝਾਅ ਮੁਤਾਬਕ ਜੋ ਵੀ ਇਸ ਟਰੋਮਾ ਸੈਂਟਰ ਵਿੱਚ ਚਾਹੀਦਾ ਹੈ ਉਸ ਦੀ ਪ੍ਰਪੋਜ਼ਲ ਬਣਵਾ ਕੇ ਸਰਕਾਰ ਨੂੰ ਭੇਜੀ ਜਾਵੇਗੀ । ਇਸ ਮੌਕੇ ਗੱਲਬਾਤ ਦੌਰਾਨ ਐਸਐਮਓ ਡੇਰਾ ਬਾਬਾ ਨਾਨਕ ਹਰਪਾਲ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਟਰੋਮਾ ਸੈਂਟਰ ਲਈ ਪਹਿਲਾਂ ਢਾਈ ਕਰੋੜ ਦੀ ਗਰਾਂਟ ਮਨਜ਼ੂਰ ਹੋਈ ਸੀ ਤੇ ਹੁਣ ਦੁਬਾਰਾ ਇਸੇ ਟਰੋਮਾ ਸੈਂਟਰ ਦੀ ਬਿਲਡਿੰਗ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਦੀ ਬਿਲਡਿੰਗ ਬਣਾਉਣ ਲਈ ਨਬਾਰਡ ਗਰਾਂਟ ਵਿੱਚੋਂ ਦੋ ਕਰੋੜ 60 ਲੱਖ ਰੁਪਏ ਮਨਜ਼ੂਰ ਹੋਏ ਹਨ ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੂੰ ਜਾਣੂ ਕਰਵਾਇਆ ਗਿਆ ਹੈ ਤੇ ਇਸ ਬਿਲਡਿੰਗ ਦੇ ਨੜੇ ਖਸਤਾ ਹਾਲਤ ਵਿੱਚ ਖਜਾਨਾ ਦਫਤਰ ਅਤੇ ਭੂਮੀ ਰੱਖਿਆ ਮਹਿਕਮੇ ਦੀ ਬਿਲਡਿੰਗ ਨੂੰ ਸ਼ਿਫਟ ਕਰਨ ਦੀ ਸਿਫਾਰਸ਼ ਕੀਤੀ ਗਈ ਹੈ ।ਉਨ੍ਹਾਂ ਦੱਸਿਆ ਕਿ ਰੰਧਾਵਾ ਨੇ ਇਹ ਮੰਗਾਂ ਪ੍ਰਵਾਨ ਕਰ ਲਈਆਂ ਹਨ ।ਇਸ ਮੌਕੇ ਐਕਸੀਅਨ ਪੀਡਬਲਡੀ ਹਰਜੋਤ ਸਿੰਘ ਨੇ ਦੱਸਿਆ ਕਿ ਪਹਿਲਾਂ ਇਹ ਟਰੋਮਾ ਸੈਂਟਰ ਸ਼ਹਿਰ ਦੇ ਅੰਦਰ ਮਨਜ਼ੂਰ ਹੋਇਆ ਸੀ ਤੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੇ ਯਤਨਾਂ ਸਦਕਾ ਅਤੇ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਟਰੋਮਾ ਸੈਂਟਰ ਸ਼ਹਿਰ ਦੇ ਬਾਹਰ ਤਿਆਰ ਕੀਤਾ ਜਾ ਰਿਹਾ ਹੈ ਜੋ ਕਿ ਅੱਜ ਕਰੀਬ 75% ਬਣ ਕੇ ਤਿਆਰ ਹੋ ਚੁੱਕਾ ਹੈ ।ਉਨ੍ਹਾਂ ਦੱਸਿਆ ਕਿ ਜਲਦੀ ਹੀ ਤਿੰਨ ਚਾਰ ਮਹੀਨੇ ਦੇ ਅੰਦਰ-ਅੰਦਰ ਇਸ ਬਿਲਡਿੰਗ ਨੂੰ ਤਿਆਰ ਕਰਕੇ ਸਿਹਤ ਵਿਭਾਗ ਨੂੰ ਸੌਂਪ ਦਿੱਤਾ ਜਾਵੇਗਾ ।ਇਸ ਮੌਕੇ ਆਪ ਆਗੂ ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਝਿੱਟਾ, ਪ੍ਰਧਾਨ ਵਿਪਨ ਸੋਨੀ, ਜਗਦੀਪ ਸਿੰਘ ਅਸਿਸਟੈਂਟ ਇੰਜੀਨੀਅਰ ਪੀਡਬਲਿਓਡੀ, ਜੇਈ ਸਤਨਾਮ ਸਿੰਘ, ਪੀਏ ਲਵਪ੍ਰੀਤ ਸਿੰਘ, ਲਖਬੀਰ ਸਿੰਘ ਬਿਸ਼ਨਕੋਟ, ਪ੍ਰਵੇਜ਼ ਮਸੀਹ ਪੱਧੇਕੇ ਟਾਹਲੀ ਸਾਹਿਬ, ਵਿਸਾਖਾ ਸਿੰਘ ਮੀਰ ਕਚਾਨਾ, ਗਗਨਦੀਪ, ਨੀਰਜ ਕੁਮਾਰ, ਸੁਧੀਰ ਬੇਦੀ ਡੇਰਾ ਬਾਬਾ ਨਾਨਕ, ਅਸ਼ਵਨੀ ਅਰੋੜਾ, ਸੁਰਜੀਤ ਸਿੰਘ ਬਿਸ਼ਨਕੋਟ, ਕੁੰਦਨ ਸਿੰਘ ਵੇਰੋਕੇ, ਜਸਵੰਤ ਸਿੰਘ ਹਰੂਵਾਲ, ਮਨਦੀਪ ਸਿੰਘ ਗਿੱਲਾਂਵਾਲੀ, ਰੇਸ਼ਮ ਸਿੰਘ ਪੱਡਾ, ਬਲਦੇਵ ਸਿੰਘ ਗਿੱਲਾਂਵਾਲੀ, ਸਾਬਕਾ ਸਰਪੰਚ ਜਾਗੀਰ ਸਿੰਘ ਬਲੀਮ, ਗੁਰਵਿੰਦਰ ਸਿੰਘ ਨਬੀਨਗਰ ਆਦਿ ਹਾਜ਼ਰ ਸਨ ।

ਚੌਕੀ ਇੰਚਾਰਜ ਦੀ ਗੁੰਡਾਗਰਦੀ ਖਿਲਾਫ ਦੁਕਾਨਦਾਰ ਹੋਏ ਇੱਕਮੁੱਠ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਥਾਣਾ ਜੰਡਿਆਲਾ ਗੁਰੂ ਐੱਸਐੱਚਓ ਮੁਖਤਿਆਰ ਸਿੰਘ ਨੂੰ ਦਿੱਤੀ ਦਰਖਾਸਤ ਵਿਚ ਮੋਹਿਤ ਮਹਾਜਨ ਡਾਇਮੰਡ ਬੇਕਰੀ ਵਾਲੇ ਨੇ ਦੱਸਿਆ ਕਿ ਬੀਤੀ 31 ਦਸੰਬਰ ਦੀ ਰਾਤ ਕਰੀਬ 9.30 ਵਜੇ ਪੁਲਸ ਚੌਕੀ ਜੰਡਿਆਲਾ ਗੁਰੂ ਦੇ ਇੰਚਾਰਜ ਅਤੇ ਮੁਲਾਜ਼ਮ ਉਸਦੀ ਦੁਕਾਨ ਉਪਰ ਆਏ ਅਤੇ ਬਿਨਾਂ ਵਜ੍ਹਾ ਉਸਨੂੰ ਬਾਜ਼ਾਰ ਵਿੱਚੋਂ ਮਾਰਦੇ ਕੁੱਟਦੇ ਹੋਏ ਚੌਕੀ ਲੈ ਗਏ ਜਿੱਥੇ ਉਸਦੇ ਮੂੰਹ ਉਪਰ ਇਕ ਮੁਲਾਜ਼ਮ ਵੱਲੋਂ ਥੁੱਕਿਆ ਗਿਆ ਅਤੇ ਫਿਰ ਚੌਕੀ ਵਿਚ ਹੀ ਸ਼ਰਾਬ ਪੀ ਕੇ ਕੁੱਟਣਾ ਸ਼ੁਰੂ ਕਰ ਦਿੱਤਾ ।ਆਪਣੀ ਲਿਖਤੀ ਸ਼ਿਕਾਇਤ ਵਿਚ ਮੋਹਿਤ ਨੇ ਕਿਹਾ ਕਿ ਪੁਲਸ ਖਿਲਾਫ ਦਿੱਤੀ ਸ਼ਿਕਾਇਤ ਕਾਰਣ ਅਗਰ ਇਸ ਦੌਰਾਨ ਮੇਰਾ ਕੋਈ ਨੁਕਸਾਨ ਹੋਇਆ ਤਾਂ ਚੌਕੀ ਇੰਚਾਰਜ ਰਾਜਬੀਰ ਸਿੰਘ, ਕਾਂਸਟੇਬਲ ਅੰਮ੍ਰਿਤ ਅਤੇ ਵੀਡੀਓ ਫੁਟੇਜ ਵਿਚ ਸ਼ਾਮਿਲ ਦੋ ਹੋਰ ਕਰਮਚਾਰੀ ਜ਼ਿੰਮੇਵਾਰ ਹੋਣਗੇ।ਇਸ ਸਬੰਧੀ ਐੱਸਐੱਚਓ ਮੁਖਤਿਆਰ ਸਿੰਘ ਨੇ ਦੱਸਿਆ ਕਿ ਦੁਕਾਨਦਾਰਾਂ ਵੱਲੋਂ ਇਕ ਦਰਖਾਸਤ ਦਿੱਤੀ ਹੈ ਜਿਸਦੀ ਜਾਂਚ ਪੜਤਾਲ ਉਪਰੰਤ ਜ਼ਰੂਰ ਕਾਰਵਾਈ ਕੀਤੀ ਜਾਵੇਗੀ । ਦੁਕਾਨਦਾਰਾਂ ਨੇ ਵੀ ਰੋਸ ਪ੍ਰਗਟ ਕੀਤਾ ਕਿ ਅਗਰ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਕਲ੍ਹ 2 ਦਸੰਬਰ ਨੂੰ ਵਾਲਮੀਕੀ ਚੌਕ ਧਰਨਾ ਦਿੱਤਾ ਜਾਵੇਗਾ ।ਇਸ ਮੌਕੇ ਪੁਲੀਸ ਥਾਣੇ ਵਿਚ ਜੰਡਿਆਲਾ ਗੁਰੂ ਦੇ ਸਾਰੇ ਮੁਹਤਬਰ ਦੁਕਾਨਦਾਰ ਹਾਜ਼ਰ ਸਨ ।

ਨਵੇਂ ਸਾਲ ਦੇ ਸਵਾਗਤ 'ਚ ਗਿਰਜਾਂ ਘਰਾਂ 'ਚ ਕੀਤੀਆਂ ਪ੍ਰਾਰਥਨਾਵਾਂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਨਵੇਂ ਸਾਲ ਦੇ ਮੌਕੇ ਅੱਜ ਵੱਖ-ਵੱਖ ਗਿਰਜਾ ਘਰਾਂ ਵਿੱਚ ਪ੍ਰੋਗਰਾਮ ਕੀਤੇ ਗਏ ਜਿਸ ਵਿੱਚ ਮੁੱਖ ਮਹਿਮਾਨ ਵਲੈਤ ਮਸੀਹ ਬੰਟੀ ਪ੍ਰਧਾਨ ਯੂਨਾਈਟਿਡ ਕ੍ਰਿਸਚੀਅਨ ਦਲਿਤ ਫਰੰਟ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਪਰਮੇਸ਼ਰ ਕੋਲੋਂ ਪ੍ਰਾਰਥਨਾ ਕੀਤੀ ਕਿ ਸਮੁੱਚੇ ਜਗਤ ਨੂੰ ਇਸ ਸਾਲ ਦੇ ਵਿੱਚ ਹਰ ਤਰ੍ਹਾਂ ਦੀ ਮਹਾਂਮਾਰੀ ਤੋਂ ਹਰ ਤਰਾਂ ਦੀ ਬਿਮਾਰੀਆਂ ਤੋਂ ਬਚਾ ਕੇ ਰੱਖਣਾ। ਇਸ ਮੌਕੇ ਬੋਲਦਿਆਂ ਸ਼ਰੀਫ ਵਲੈਤ ਮਸੀਹ ਬੰਟੀ ਨੇ ਕਿਹਾ ਕਿ ਬੀਤਿਆ ਸਾਲ ਮਸੀਹ ਭਾਈਚਾਰੇ ਲਈ ਬਹੁਤ ਖੱਟੀਆਂ-ਮਿੱਠੀਆਂ ਯਾਦਾਂ ਛੱਡ ਗਿਆ। ਮੈਂ ਆਸ ਕਰਦਾ ਹਾਂ ਕਿ ਨਵੇਂ ਸਾਲ 'ਚ ਕਿਸੇ ਵੀ ਕਿਸਮ ਦੀ ਦੁਖਦਾਈ ਘਟਨਾ ਨਾ ਵਾਪਰੇ ਅਤੇ ਅਸੀਂ ਸੁੱਖ-ਸ਼ਾਂਤੀ ਦਾ ਪ੍ਰਚਾਰ ਸਹੀ ਢੰਗ ਨਾਲ ਪੰਜਾਬ ਦੇ ਵਿੱਚ ਕਰ ਸਕੀਏ।

ਇਸ ਮੌਕੇ ਉਨ੍ਹਾਂ ਦੇ ਨਾਲ ਨਿਆਮਤ ਮਸੀਹ ਗੋਰਾ ਪ੍ਰਧਾਨ ਗਲੋਬਲ ਕ੍ਰਿਸ਼ਚੀਅਨ ਐਕਸ਼ਨ ਕਮੇਟੀ ਅਜਨਾਲਾ, ਗੁਰਨਾਮ ਮਸੀਹ ਚੱਕ ਬੱਲਾ, ਰਮੇਸ਼ ਕਲਿਆਣ, ਪਰਮਿੰਦਰ ਰੰਧਾਵਾ, ਪ੍ਰਧਾਨ ਜੱਸ ਮਸੀਹ ਸ਼ੁਭ, ਪ੍ਰਧਾਨ ਰਾਜਬੀਰ ਆਵਾਣ, ਪਾਸਟਰ ਬਲਕਾਰ ਮਸੀਹ, ਪਾਤਰ ਬੱਬੀ ਮਸੀਹ ਗੁੱਝਾਪੀਰ, ਪਾਸਟਰ ਦਾਨੀਏਲ ਮਸੀਹ ਅਤੇ ਹੋਰ ਬਹੁਤ ਸਾਰੇ ਸਾਥੀ ਮੌਜੂਦ ਰਹੇ।

ਠੇਠਰਕੇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਠੇਠਰਕੇ ਗੁਰਦੁਆਰਾ ਸ੍ਰੀ ਸਿੱਧੂ ਸੌਹ ਸਾਹਿਬ ਤੋਂ ਹਰ ਸਾਲ ਦੀ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ । ਇਹ ਨਗਰ ਕੀਰਤਨ ਪਿੰਡ ਠੇਠਰਕੇ ਤੋਂ ਚੱਲ ਕੇ ਵੈਰੋਕੇ, ਪੱਲੇ ਨੰਗਲ, ਖਾਸਾਂਵਾਲੀ, ਡੇਰਾ ਬਾਬਾ ਨਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਪੱਖੋਕੇ ਟਾਹਲੀ ਸਾਹਿਬ, ਸਾਧਾਂ ਵਾਲੀ, ਹਰੂਵਾਲ, ਮਾਨ, ਚੌਕ ਕਾਹਲਾਂਵਾਲੀ, ਜੰਡੋਆਂ, ਮੂਲੋਵਾਲੀ, ਟਾਹਲੀ ਸਾਹਿਬ, ਖੋਦੇ ਬੇਟ, ਧਰਮਕੋਟ ਰੰਧਾਵਾ, ਗੋਲਾ ਢੋਲਾ ਪਿੰਡਾ ਰਾਹੀ ਹੁੰਦਾ ਹੋਇਆ ਪਿੰਡ ਠੇਠਰਕੇ ਦੇ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ।ਡੇਰਾ ਬਾਬਾ ਨਾਨਕ ਦੇ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਸ਼ਮਸ਼ੀਰ ਖਾਲਸਾ ਅੰਮ੍ਰਿਤਸਰ ਗਤਕਾ ਪਾਰਟੀ ਦੇ ਸਿੰਘਾਂ ਵੱਲੋਂ ਆਪਣੀ ਕਲਾ ਦੇ ਜੌਹਰ ਦਿਖਾਏ ਗਏ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਘੋੜੀਆਂ ਨੇ ਵੀ ਨੱਚ ਕੇ ਆਪਣੀ ਹਾਜ਼ਰੀ ਲਗਵਾਈ ।ਗੁਰਦੁਆਰਾ ਸ਼੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪਹੁੰਚਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਮੈਨੇਜਰ ਬਲਜੀਤ ਸਿੰਘ ਤਲਵੰਡੀ ਰਾਮਾ ਤੇ ਪਿੰਡ ਜੌੜੀਆਂ ਕਲਾਂ ਵਿਖੇ ਪਹੁੰਚਣ 'ਤੇ ਪਿੰਡ ਦੀ ਸਮੂਹ ਸੰਗਤ ਵੱਲੋਂ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ ਅਤੇ ਸੁੰਦਰ ਪਾਲਕੀ ਵਿੱਚ ਸਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤਾ ਗਿਆ । ਇਸ ਨਗਰ ਕੀਰਤਨ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸਿੰਘ, ਸਤਨਾਮ ਸਿੰਘ ਠੇਠਰਕੇ, ਜੇਈ ਜਗਜੀਤ ਸਿੰਘ ਨੇ ਨਵੇਂ ਸਾਲ ਤੇ ਗੁਰਪੁਰਬ ਦੀ ਵਧਾਈ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਅੱਜ ਪਿੰਡ ਠੇਠਰਕੇ ਦੇ ਗੁਰਦੁਆਰਾ ਸ੍ਰੀ ਸਿੱਧ ਸੌਹ ਸਾਹਿਬ ਦੇ ਪ੍ਰਬੰਧਕਾਂ ਅਤੇ ਪਿੰਡ ਠੇਠਰਕੇ ਦੀ ਸਮੂਹ ਸੰਗਤ ਵੱਲੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਸਜਾਇਆ ਗਿਆ। ਇਸ ਨਗਰ ਕੀਰਤਨ ਦਾ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਵੱਲੋਂ ਜਗ੍ਹਾ-ਜਗ੍ਹਾ 'ਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ ਹਨ । ਇਸ ਮੌਕੇ ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਸ਼ੁਭਕਰਨ ਸਿੰਘ ਠੇਠਰਕੇ, ਜਥੇਦਾਰ ਅਮਰੀਕ ਸਿੰਘ, ਹਰਜੀਤ ਸਿੰਘ ਠੇਠਰਕੇ, ਬਾਬਾ ਕੁਲਵੰਤ ਸਿੰਘ, ਨਿਰਮਲ ਸਿੰਘ, ਜੱਗਬੀਰ ਸਿੰਘ, ਗੁਰਭੇਜ ਸਿੰਘ, ਭਗਵਾਨ ਸਿੰਘ, ਸੰਤੋਖ ਸਿੰਘ, ਆਤਮਾ ਸਿੰਘ, ਮੁਖਤਿਆਰ ਸਿੰਘ, ਅਵਤਾਰ ਸਿੰਘ ਅਜਨਾਲਾ, ਬਾਬਾ ਸੁੱਚਾ ਸਿੰਘ, ਬਲਜੀਤ ਸਿੰਘ, ਲਖਵਿੰਦਰ ਸਿੰਘ ਮੈਂਬਰ ਪੰਚਾਇਤ, ਦਲਜੀਤ ਸਿੰਘ, ਗੁਰਪ੍ਰਤਾਪ ਸਿੰਘ, ਪ੍ਰਿਤਪਾਲ ਸਿੰਘ, ਕੈਪਟਨ ਨਰਿੰਦਰ ਸਿੰਘ, ਆਤਮਜੀਤ ਸਿੰਘ, ਸ਼ਸ਼ਪਾਲ ਸਿ

ਨਵੇਂ ਸਾਲ 2024 ਤੇ ਕਲਾਨੌਰ ਵਿਸ਼ੇਸ਼ ਸਪਲੀਮੈਂਟ

ਵੱਲੋਂ: ਮਨਦੀਪ ਕੋਹਲੀ ਪੱਤਰਕਾਰ ਕਲਾਨੌਰ (98154-22070) E-mail: sayalstudio2000@gmail.com

ਕਲਾਨੌਰ ਵਿਸ਼ੇਸ਼ ਸਪਲੀਮੈਂਟ ਕੱਢਣ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਸੱਜਣਾਂ ਮਿੱਤਰਾਂ ਦਾ ਧੰਨਵਾਦ। ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ

ਮਨਦੀਪ ਕੋਹਲੀ ਪੱਤਰਕਾਰ ਕਲਾਨੌਰ (98154-22070)

ਮਨਮੋਹਨ ਬੇਦੀ ਪੱਤਰਕਾਰ — ਦਿਨੇਸ਼ ਕੁਮਾਰ ਪੱਤਰਕਾਰ (ਗੁਰਦਾਸਪੁਰ)

ਕੋਹਲੀ ਫੈਮਲੀ

ਸੰਦੇਸ਼

ਕਲਾਨੌਰ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਨਸ਼ਿਆਂ ਨੂੰ ਖਤਮ ਕਰਨ ਅਤੇ ਨੌਜਵਾਨੀ ਨੂੰ ਬਚਾਉਣ ਲਈ ਪੁਲਿਸ ਦਾ ਸਾਥ ਦਿਓ.....

ਸ. ਗੁਰਵਿੰਦਰ ਸਿੰਘ ਡੀ.ਐਸ.ਪੀ — ਸ. ਮੇਜਰ ਸਿੰਘ ਐਸ.ਐਚ.ਓ ਕਲਾਨੌਰ

ਕ੍ਰਿਸਮਸ ਅਤੇ ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਡਾ. ਲਵਲੀਨ ਮਸੀਹ (ਮਿੰਟੂ) — ਸਰਕਲ ਪ੍ਰਧਾਨ ਬੀ ਸੀ ਵਿੰਗ ਸ਼੍ਰੋਮਣੀ ਅਕਾਲੀ ਦਲ, ਗਲੋਬਲ ਐਕਸ਼ਨ ਕਮੇਟੀ ਕਲਾਨੌਰ — CSM. Salvation Army

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ

ਪਰਦੀਪ ਬਲਹੋਤਰਾ ਬਲਹੋਤਰਾ ਫਿਲਿੰਗ ਸਟੇਸ਼ਨ — ਗਗਨਦੀਪ ਗੱਗੂ ਯੂਥ ਆਗੂ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ। 2024

ਦਾਖਲਾ ਸ਼ੁਰੂ

ਸਕੂਲ ਦੀਆਂ ਵਿਸ਼ੇਸ਼ਤਾਵਾਂ: -
1. ਖੁੱਲੀ ਅਤੇ ਹਵਾਦਾਰ ਇਮਾਰਤ
2. ਤਜ਼ਰਬੇਕਾਰ ਅਤੇ ਮਿਹਨਤੀ ਸਟਾਫ।
3. ਵਿਦਿਆਰਥੀਆਂ ਦੇ ਬੁਨਿਆਦੀ ਢਾਂਚੇ ਦੀ ਉਪਲੱਭਤਾ।
4. ਸਕੂਲ ਦੀ ਆਪਣੀ ਟ੍ਰਾਂਸਪੋਰਟ।
5. ਨਰਸਰੀ ਤੋਂ ਪਲੇਅ-ਵੇ ਸਹੂਲਤਾਂ।
6. ਵਿਦਿਆਰਥੀਆਂ ਲਈ ਹਾਈਜੈਨਿਕ ਕੰਟੀਨ ਸੁਵਿਧਾਵਾ।
7. ਧਾਰਮਿਕ ਸਖਸ਼ੀਅਤ ਦੇ ਨਿਖਾਰ ਲਈ ਕਥਾ, ਕੀਰਤਨ, ਤਬਲਾ ਅਤੇ ਗੁਰਬਾਣੀ ਸਿੱਖਿਆ ਦੀ ਫ੍ਰੀ ਟੇਨਿੰਗ।
8. ਸੱਭਿਆਚਾਰਕ ਵਿਰਸੇ ਦੀ ਮਜਬੂਤੀ ਲਈ ਗਿੱਧੇ ਭੰਗੜੇ ਸਕਿੱਟਾਂ ਦੀ ਵਿਸ਼ੇਸ਼ ਟ੍ਰੇਨਿੰਗ।
9. ਸਮਾਜਿਕ ਗਿਆਨ ਲਈ ਵਿਦਿਅਕ ਟੂਰ ਪਲਾਨ ਵੀ ਕੀਤੇ ਜਾਂਦੇ ਹਨ।

ਮੈਨੇਜਿੰਗ ਡਾਇਰੈਕਟਰ ਸ. ਬਲਬੀਰ ਸਿੰਘ ਕਾਹਲੋਂ — ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ

BHAI GURDAS MODERN SR. SEC. SCHOOL, VPO. LAKHAN KALAN, GSP. (M: 95924-98399)

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਪੱਤਰਕਾਰ

ਮਨਦੀਪ ਕੋਹਲੀ, ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਵੱਲੋਂ: ਨੌਜਵਾਨ ਪਰਜਾਪੱਤ ਸਭਾ-ਕਲਾਨੌਰ

ਸਿਆਲ ਫੋਟੋਗ੍ਰਾਫੀ — ਵਿਆਹ, ਸ਼ਗਨ, ਧਾਰਮਿਕ ਸਮਾਗਮ ਯੂ-ਟਿਊਬ ਚੈਨਲ ਤੇ ਲਾਈਵ ਕਰਵਾਉਣ ਲਈ ਮਿਲੋ. ਮੋ: 9815422070

ਜਮਹੂਰੀ ਕਿਸਾਨ ਸਭਾ ਏਰੀਆ ਕਮੇਟੀ, ਕਲਾਨੌਰ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਰਾਧਾ ਸੁਆਮੀ ਕਮਿਸ਼ਨ ਏਜੰਟ — ਸ੍ਰੀ ਮੱਖਣ ਲਾਲ ਆੜਤੀ

ਨਿਊ ਭਾਰਤ ਕਮਿਸ਼ਨ ਏਜੰਟ — ਸ੍ਰੀ ਬਲਵਿੰਦਰ ਪਾਲ ਆੜਤੀ

ਪੱਡਾ ਕਮਿਸ਼ਨ ਏਜੰਟ — ਸ. ਹਰਕੀਰਤ ਸਿੰਘ ਪੱਡਾ ਆੜਤੀ

Happy New Year 2024

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਅਮ੍ਰਿਤ ਟਰੇਡਿੰਗ ਕੰਪਨੀ — ਆਈਕੋਨਿਕ ਬਿਲਡਰ ਗਰੁੱਪ

ਸ. ਜਗਦੀਸ਼ ਸਿੰਘ ਨੰਬਰਦਾਰ

ਅਮ੍ਰਿਤਪਾਲ ਸਿੰਘ ਯੂਥ ਆਗੂ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਖਾਲਸਾ ਮੈਡੀਕਲ ਸਟੋਰ

ਭਾਈ ਰਣਜੀਤ ਸਿੰਘ ਖਾਲਸਾ

ਇਥੇ ਹਰ ਪ੍ਰਕਾਰ ਦੀਆਂ ਦਵਾਈਆਂ ਮਿਲਦੀਆਂ ਹਨ।
ਸਾਹਮਣੇ ਸਿਵਲ ਹਸਪਤਾਲ ਬਟਾਲਾ ਰੋਡ, ਕਲਾਨੌਰ M: 98764-20842

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਪੱਤਰਕਾਰ ਮਨਦੀਪ ਕੋਹਲੀ, ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਭਗਵਾਨ ਸਿੰਘ ਬਰੀਲਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਕਲਾਨੌਰ

Happy New Year 2024

ਸੁਖਜਿੰਦਰ ਸਿੰਘ ਮੋੜ ਸਾਬਕਾ ਡਾਇਰੈਕਟਰ ਮਾਰਕਿਟ ਕਮੇਟੀ ਕਲਾਨੌਰ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਨਰਿੰਦਰ ਵਿੱਜ ਨਿਤੀ ਸਮਾਜ ਸੇਵਕ (98726-22500)

Happy New Year 2024

ਸ੍ਰੀ ਕੁਲਵੰਤ ਪਾਲ ਸਾਬਕਾ ਸਰਪੰਚ ਕਲਾਨੌਰ

ਰਾਜੇਸ਼ ਕੁਮਾਰ (ਟੋਨੀ ਸੱਚਰ) ਸੱਚਰ ਕੇਬਲ ਨੈਟਵਰਕ ਕਲਾਨੌਰ (98156-27284)

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਜੇ.ਐਸ. ਬਲਾਰੀਆ ਰਿਜ਼ੋਰਟ — ਬਾਬਾ ਕਾਰ ਕਲੋਨੀ, ਕਲਾਨੌਰ

ਸ. ਗੁਰਜੀਤ ਸਿੰਘ ਬਲਾਰੀਆ

ਮਨਜੋਤ ਬਲਾਰੀਆ ਟੈਂਟ ਹਾਊਸ ਐਂਡ ਕੈਟਰਿੰਗ

ਇੱਥੇ ਟੈਂਟ ਦਾ ਸਮਾਨ, ਫੈਂਸੀ ਕਰਾਕਰੀ, ਚਾਨਣੀਆਂ-ਕਨਾਤਾਂ, ਡਿਸਪੋਜੇਬਲ ਅਤੇ ਸਾਊਂਡ, ਡੈਕੋਰੇਸ਼ਨ ਦਾ ਖਾਸ ਪ੍ਰਬੰਧ ਹੈ।

ਸਾਹਮਣੇ ਗੈਸ ਏਜੰਸੀ, ਗੁਰਦਾਸਪੁਰ ਰੋਡ, ਕਲਾਨੌਰ M: 98765-70164

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ

ਬਾਬਾ ਦੀਪ ਸਿੰਘ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰ, ਗੁਰਦਾਸਪੁਰ (ਮੋ: 98146-88806)

ਪ੍ਰਿੰਸੀਪਲ ਮੈਡਮ ਸੋਨੀਆ ਵਰਮਾਂ

ਕ੍ਰਿਸ਼ਨਾਂ ਇਲੈਕਟ੍ਰੋਨਿਕਸ ਬਟਾਲਾ ਰੋਡ, ਕਲਾਨੌਰ ਮੋ: 98764-73016,98727-51432

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

ਸ਼ਹੀਦ ਲੱਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ

ਪ੍ਰਿੰ: ਡਾ. ਕਮਲ ਕਿਸ਼ੋਰ ਅੱਤਰੀ

ਨੇੜੇ ਆਈ.ਟੀ.ਆਈ, ਕਲਾਨੌਰ, ਗੁਰਦਾਸਪੁਰ (94177-36096)

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ। 2024

ਬਾਬੇ ਨਾਨਕ ਦਾ ਹੱਟ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ। 2024

ਰਾਣਾ ਕਮਿਸ਼ਨ ਏਜੰਟ

ਸ. ਪਰਧਾਨ ਸਿੰਘ

ਸ਼੍ਰੀਮਤੀ ਪਲਵਿੰਦਰ ਕੌਰ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ।

Happy New Year 2024

ਡਾ. ਰਮੇਸ਼ਵਰ ਸੈਣੀ

ਡਾ. ਸਿਮਰਨ ਸੈਣੀ (MBBS)

ਡਾ. ਜਸਬੀਰ ਸੈਣੀ

ਵੱਲੋਂ: ਸ਼੍ਰੀ ਰਾਮ ਹਸਪਤਾਲ, ਗੁਰਦਾਸਪੁਰ ਰੋਡ, ਕਲਾਨੌਰ (ਮੋ: 98766-87770)

Dawinder Kumar Bobby

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਪੱਤਰਕਾਰ ਮਨਦੀਪ ਕੋਹਲੀ, ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

J.K. FILLING STATION
Gurdaspur Road, Kalanaur
M: 98726-38114

ਇੱਥੇ ਹਰ ਤਰ੍ਹਾਂ ਦਾ ਫੈਂਸੀ ਰੈਡੀਮੇਡ ਅਤੇ ਸਾਰੇ ਸਕੂਲਾਂ ਦੀਆਂ ਵਰਦੀਆਂ ਮਿਲਦੀਆਂ ਹਨ।
M: 70096-41569
M: 98155-25586

ਭੰਗੂ ਨਰਸਰੀ

ਭਾਈ ਰਜਿੰਦਰ ਸਿੰਘ ਭੰਗੂ

ਇੱਥੇ ਹਰ ਪ੍ਰਕਾਰ ਦੀਆਂ ਸਬਜੀਆਂ ਦੀ ਪਨੀਰੀ ਮਿਲਦੀ ਹੈ ਜਿਵੇ ਕਿ:- ਕਾਲੀ ਤੋਰੀ, ਘੀਆ ਕੱਦੂ, ਅੱਲ ਲੌਕੀ, ਚੱਪਣ ਕੱਦੂ, ਹਲਵਾ ਕੱਦੂ, ਬੈਂਗਣ, ਟਮਾਟਰ, ਹਰੀਆਂ ਮਿਰਚਾਂ ਆਦਿ ਦੀ ਪਨੀਰੀ ਮਿਲਦੀ ਹੈ।

ਸਾਹਲੇ ਚੱਕ ਰੋਡ, ਕਲਾਨੌਰ 98769 69260

ਡਾ. ਬੀਰ ਮਸੀਹ ਸੌਂਤਾ ਚੇਅਰਮੈਨ ਕ੍ਰਿਸ਼ਚਿਅਨ ਸਭਾ ਪੰਜਾਬ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ

ਸ. ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਉਪ ਮੁੱਖਮੰਤਰੀ, ਪੰਜਾਬ — ਪ੍ਰਧਾਨ ਅਮਰਜੀਤ ਖੁੱਲਰ — ਸ਼ੈਰੀ ਸਿੰਘ — ਕੁਲਵਿੰਦਰ ਸਿੰਘ ਲਾਡਾ — ਗੋਪੀ ਬਲਹੋਤਰਾ

ਵੱਲੋਂ: ਸਾਬਕਾ ਜਨਰਲ ਸਕੱਤਰ ਪੰਜਾਬ ਕਾਂਗਰਸ-ਕਲਾਨੌਰ

ਸੁਰਜੀਤ ਹਸਪਤਾਲ

ਬਾਬਾ ਕਾਰ ਕਲੋਨੀ, ਕਲਾਨੌਰ

ਇੱਥੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਮਾਹਿਰ ਡਾਕਟਰਾਂ ਵਲੋਂ ਇਲਾਜ ਅਤੇ ਓਪਰੇਸ਼ਨ ਕੀਤੇ ਜਾਂਦੇ ਹਨ।

ਡਾ. ਸੁਮਨ (ਫੋਨ- 01874-292573, 98762-57402)

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈ ਹੋਵੇ

ਸ੍ਰੀ ਗੁਰੂ ਰਾਮਦਾਸ ਹਸਪਤਾਲ

ਡਾ. ਐਸ.ਪੀ. ਸਿੰਘ ਪੰਨੂ M.B.B.S, MD

ਇਥੇ ਹਰ ਪ੍ਰਕਾਰ ਦੇ ਰੋਗਾਂ ਜਿਵੇਂ ਪੁਰਾਣੀ ਖਾਂਸੀ, ਬੀ.ਪੀ, ਸ਼ੂਗਰ, ਥਾਇਰਾਇਡ, ਕਰੋਨਾ ਕਾਰਨ ਆਈ ਸਾਹ ਦੀ ਸਮੱਸਿਆ, ਨਮੂਨੀਆ, ਡੇਂਗੂੰ, ਟਾਈਫਾਈਡ, ਮਲੇਰੀਆ, ਪੀਲੀਆ, ਹਰ ਪ੍ਰਕਾਰ ਦੀ ਇੰਨਫੈਕਸ਼ਨ ਅਤੇ ਹਰ ਤਰ੍ਹਾਂ ਦੇ ਸਰੀਰਕ ਰੋਗਾਂ ਦਾ ਇਲਾਜ ਆਧੁਨਿਕ ਤਰੀਕੇ ਨਾਲ ਕੀਤਾ ਜਾਂਦਾ ਹੈ।

ਨੋਟ:- OPD ਦੀ ਕੋਈ ਫੀਸ ਨਹੀਂ ਲਈ ਜਾਂਦੀ।

ਪਤਾ: ਨੇੜੇ ਪੰਨੂ ਖਾਦ ਸਟੋਰ, ਸਾਹਮਣੇ ਪਾਣੀ ਵਾਲੀ ਟੈਂਕੀ, ਗੁਰਦਾਸਪੁਰ ਰੋਡ, ਕਲਾਨੌਰ (ਮੋ: 86830-48047)

ਪ੍ਰਭਜੋਤ ਸਿੰਘ ਮੋ: 9779750071

ਗੁਰਾਇਆ ਫਾਰਮ

ਸਰਵਿਸ ਸਟੇਸ਼ਨ

ਓਪਨ ਰੈਸਟੋਰੈਂਟ Veg & Non Veg

ਸਾਹਲੇ ਚੱਕ ਰੋਡ, ਕਲਾਨੌਰ

ਨਵੇਂ ਸਾਲ ਤੇ ਕਲਾਨੌਰ ਵਿਸ਼ੇਸ ਸਪਲੀਮੈਂਟ ਕੱਢਣ ਤੇ ਪੱਤਰਕਾਰ ਮਨਦੀਪ ਕੋਹਲੀ, ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਵੱਲੋਂ: ਆਮ ਆਦਮੀ ਪਾਰਟੀ, ਬਲਾਕ ਕਲਾਨੌਰ